BIN NO. 1000729091 Canada

email- punjabdiarycanada@gmail.com
web- www.punjabdiary.com

ਕੈਨੇਡਾ ਦੀ ਧਰਤੀ 'ਤੇ ਫਰੀਦਕੋਟ ਵਾਲਿਆਂ ਦਾ ਪਹਿਲਾ ਡਿਜੀਟਲ ਅਖ਼ਬਾਰ

# ਪੰਜਾਬ ਡਾਇਰੀ

Head Office: Lolyd Sandersor Dr, Brampton, Ontario (Canada)

Editor: Balwinder Singh Hali
ਸੰਪਾਦਕ: ਬਲਵਿੰਦਰ ਸਿੰਘ ਹਾਲੀ

■ Year 1 ■ Vol 223 ■ Tuesday ■ 23 July 2024 ■ Page 4

## ਬਜਟ 2024: ਵਿੱਤ ਮੰਤਰੀ ਨੇ ਬਜਟ 'ਚ ਕੀਤੇ ਇਹ ਵੱਡੇ ਐਲਾਨ, ਜਾਣੋ ਕਿਸ ਨੂੰ ਕੀ-ਕੀ ਮਿਲੇਗਾ




**ਦਿੱਲੀ, 23 ਜੁਲਾਈ (ਪੰਜਾਬ ਡਾਇਰੀ)-** ਅੱਜ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਸੰਸਦ ਵਿੱਚ ਬਜਟ ਪੇਸ਼ ਕਰ ਰਹੀ ਹੈ। ਇਹ ਉਨ੍ਹਾਂ ਦਾ 7ਵਾਂ ਬਜਟ ਹੈ ਜੋ ਉਹ ਪੇਸ਼ ਕਰ ਰਹੀ ਹੈ। ਬਜਟ ਪੇਸ਼ ਕਰਦੇ ਸਮੇਂ ਉਨ੍ਹਾਂ ਨੇ ਕਈ ਵੱਡੇ ਐਲਾਨ ਕੀਤੇ ਹਨ ਜਿਨ੍ਹਾਂ ਦਾ ਆਮ ਜਨਤਾ ਨੂੰ ਕਾਫੀ ਫਾਇਦਾ ਹੋ ਸਕਦਾ ਹੈ। ਤੁਹਾਨੂੰ ਦੱਸ ਦੇਈਏ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਹੁਣ ਤੱਕ ਕਿਹੜੇ ਵੱਡੇ ਐਲਾਨ ਕੀਤੇ ਹਨ।

### ਵਿੱਤ ਮੰਤਰੀ ਦੇ ਕੀ ਹਨ ਵੱਡੇ ਐਲਾਨ ?

- ਕੰਮਕਾਜੀ ਔਰਤਾਂ ਲਈ ਹੋਸਟਲ ਬਣਾਏ ਜਾਣਗੇ।
- ਸਰਕਾਰ ਘਰੇਲੂ ਸੰਸਥਾਵਾਂ ਵਿੱਚ ਉੱਚ ਸਿੱਖਿਆ ਲਈ 10 ਲੱਖ ਰੁਪਏ ਤੱਕ ਦੇ ਕਰਜ਼ੇ ਲਈ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ।
- ਸਰਕਾਰ ਊਰਜਾ ਸੁਰੱਖਿਆ ਅਤੇ ਪਰਿਵਰਤਨ ਲਈ ਨੀਤੀਗਤ ਦਸਤਾਵੇਜ਼ ਲਿਆਵੇਗੀ।
- ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ 2.0 ਦੇ ਤਹਿਤ, 10 ਲੱਖ ਕਰੋੜ ਰੁਪਏ ਦੇ ਨਿਵੇਸ਼ ਨਾਲ ਇੱਕ ਕਰੋੜ ਪਰਿਵਾਰਾਂ ਨੂੰ ਘਰ ਮੁਹੱਈਆ ਕਰਵਾਏ ਜਾਣਗੇ।
- ਸਰਕਾਰ ਸ਼ਹਿਰੀ ਘਰਾਂ ਲਈ ਸਸਤੀਆਂ ਦਰਾਂ 'ਤੇ ਕਰਜ਼ਿਆਂ ਲਈ ਵਿਆਜ ਸਬਸਿਡੀ ਸਕੀਮ ਲਿਆਵੇਗੀ।
- ਸਰਕਾਰ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਦੇ ਵਿਕਾਸ ਲਈ ਮੌਜੂਦਾ ਵਿੱਤੀ ਸਾਲ ਅਤੇ ਆਉਣ ਵਾਲੇ ਸਾਲਾਂ ਵਿੱਚ 15,000 ਕਰੋੜ ਰੁਪਏ ਦਾ ਪ੍ਰਬੰਧ ਕਰੇਗੀ।
- ਨਿੱਜੀ ਖੇਤਰ ਦੁਆਰਾ ਬੁਨਿਆਦੀ ਢਾਂਚੇ ਵਿੱਚ ਨਿੱਜੀ ਨਿਵੇਸ਼ ਨੂੰ ਵਿਵਹਾਰਕਤਾ ਗੈਪ ਫੰਡਿੰਗ ਅਤੇ ਸਮਰੱਥ ਨੀਤੀਆਂ ਰਾਹੀਂ ਉਤਸ਼ਾਹਿਤ ਕੀਤਾ ਜਾਵੇਗਾ।
- ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਤਹਿਤ 5,000 ਰੁਪਏ ਮਹੀਨਾ ਭੱਤਾ ਦਿੱਤਾ ਜਾਵੇਗਾ।
- ਮੁਦਰਾ ਸਕੀਮ ਤਹਿਤ ਲੋਨ ਸੀਮਾ ਦੁੱਗਣੀ ਕਰਕੇ 20 ਲੱਖ ਰੁਪਏ ਕਰ ਦਿੱਤੀ ਜਾਵੇਗੀ।
- ਕੇਂਦਰ ਸਰਕਾਰ 100 ਸ਼ਹਿਰਾਂ ਵਿੱਚ ਨਿਵੇਸ਼ ਲਈ ਤਿਆਰ ਉਦਯੋਗਿਕ ਪਾਰਕਾਂ ਨੂੰ ਵੀ ਉਤਸ਼ਾਹਿਤ ਕਰੇਗੀ।

### ਸੱਤਵੀਂ ਵਾਰ ਪੇਸ਼ ਕੀਤਾ ਬਜਟ

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅੱਜ ਲਗਾਤਾਰ ਸੱਤਵੀਂ ਵਾਰ ਆਮ ਬਜਟ ਪੇਸ਼ ਕਰ ਰਹੀ ਹੈ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਉਹ ਮੌਜੂਦਾ ਵਿੱਤੀ ਸਾਲ 2024-25 ਦਾ ਬਜਟ ਕਾਗਜ਼ ਰਹਿਤ ਰੂਪ ਵਿੱਚ ਪੇਸ਼ ਕਰ ਰਹੀ ਹੈ। ਇਸ ਦੌਰਾਨ ਵਿੱਤ ਮੰਤਰੀ ਨੇ ਮੈਜੈਂਟਾ ਬਾਰਡਰ ਵਾਲੀ 'ਕ੍ਰੀਮ' ਰੰਗ ਦੀ ਸਿਲਕ ਦੀ ਸਾੜ੍ਹੀ ਪਹਿਨੀ ਹੋਈ ਹੈ। ਬਜਟ ਪੇਸ਼ ਕਰਨ ਤੋਂ ਪਹਿਲਾਂ, ਸੀਤਾਰਮਨ ਨੇ ਰਵਾਇਤੀ 'ਬ੍ਰੀਫਕੇਸ' ਲੈ ਕੇ ਆਪਣੇ ਅਧਿਕਾਰੀਆਂ ਦੀ ਟੀਮ ਨਾਲ ਆਪਣੇ ਦਫਤਰ ਦੇ ਬਾਹਰ ਫੋਟੋ ਖਿਚਵਾਈ। ਟੈਬਲੇਟ ਨੂੰ ਇੱਕ ਬਰੀਫਕੇਸ ਦੀ ਬਜਾਏ ਇੱਕ ਸੋਨੇ ਦੇ ਰੰਗ ਦੇ ਰਾਸ਼ਟਰੀ ਚਿੰਨ੍ਹ ਦੇ ਨਾਲ ਇੱਕ ਲਾਲ ਕਵਰ ਦੇ ਅੰਦਰ ਰੱਖਿਆ ਗਿਆ ਸੀ। ਉਹ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਮਿਲਣ ਤੋਂ ਬਾਅਦ ਸਿੱਧੇ ਸੰਸਦ ਪਹੁੰਚੀ। ਇੱਥੇ ਉਨ੍ਹਾਂ ਨੇ ਬਜਟ ਪੇਸ਼ ਕੀਤਾ।

## ਕੈਨੇਡਾ 'ਚ ਸ਼ਰਾਰਤੀ ਅਨਸਰਾਂ ਨੇ ਹਿੰਦੂ ਮੰਦਰ ਨੂੰ ਬਣਾਇਆ ਨਿਸ਼ਾਨਾ; ਲਿਖੇ ਭਾਰਤ ਵਿਰੋਧੀ ਨਾਅਰੇ




**ਟੋਰਾਂਟੋ, 23 ਜੁਲਾਈ (ਪੰਜਾਬ ਡਾਇਰੀ)-** ਕੈਨੇਡਾ ਵਿੱਚ ਇੱਕ ਵਾਰ ਫਿਰ ਹਿੰਦੂ ਮੰਦਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਐਡਮਿੰਟਨ ਦੇ ਇਕ ਮੰਦਰ 'ਤੇ ਭਾਰਤ ਵਿਰੋਧੀ ਨਾਅਰੇ ਲਿਖੇ ਗਏ ਹਨ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਦੱਸਿਆ ਕਿ ਬੀ.ਏ.ਪੀ.ਐਸ ਸਵਾਮੀਨਾਰਾਇਣ ਮੰਦਰ 'ਤੇ ਤੜਕੇ ਭਾਰਤ ਵਿਰੋਧੀ ਨਾਅਰੇ ਲਿਖੇ ਗਏ। ਨੇਪੀਅਨ ਸੰਸਦ ਮੈਂਬਰ ਚੰਦਰ ਆਰੀਆ ਨੇ ਹਿੰਦੂ-ਕੈਨੇਡੀਅਨ ਭਾਈਚਾਰਿਆਂ ਵਿਰੁੱਧ ਹਿੰਸਾ ਦੀਆਂ ਵੱਧ ਰਹੀਆਂ ਘਟਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

### ਲੋਕਾਂ ਵਿੱਚ ਨਾਰਾਜ਼ਗੀ

ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦੀ ਤਸਵੀਰ ਸ਼ੇਅਰ ਕੀਤੀ ਹੈ। ਪੋਸਟ ਵਿੱਚ ਲਿਖਿਆ ਹੈ, 'ਕੈਨੇਡੀਅਨ ਹਿੰਦੂ ਚੈਂਬਰ ਆਫ ਕਾਮਰਸ ਨੇ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਦੇ ਐਡਮਿੰਟਨ ਵਿੱਚ ਬੀ.ਏ.ਪੀ.ਐਸ ਮੰਦਰ ਨੂੰ ਤਾਜ਼ਾ ਨਿਸ਼ਾਨਾ ਬਣਾਇਆ ਗਿਆ ਹੈ। ਕੈਨੇਡਾ ਦੇ ਹਾਊਸ ਆਫ ਕਾਮਨਜ਼ ਦੇ ਕੁਝ ਹਿੰਦੂ ਸੰਸਦ ਮੈਂਬਰਾਂ ਵਿੱਚੋਂ ਇੱਕ ਆਰੀਆ ਨੂੰ ਧਮਕੀ ਦਿੱਤੀ ਗਈ ਹੈ। ਇਸ ਕਾਰਨ ਸਾਰੇ ਲੋਕਾਂ ਵਿੱਚ ਰੋਸ ਹੈ।

### ਐਡਮਿੰਟਨ ਵਿੱਚ ਬੀ.ਏ.ਪੀ.ਐਸ ਸਵਾਮੀਨਾਰਾਇਣ ਮੰਦਰ ਵਿੱਚ ਫਿਰ ਭੰਨਤੋੜ

ਸੰਸਦ ਮੈਂਬਰ ਚੰਦਰ ਆਰੀਆ ਨੇ ਕਿਹਾ ਕਿ ਕੈਨੇਡਾ ਵਿੱਚ ਹਿੰਦੂ ਮੰਦਰਾਂ ਵਿੱਚ ਭੰਨਤੋੜ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਉਨ੍ਹਾਂ ਅੱਗੇ ਲਿਖਿਆ, 'ਐਡਮਿੰਟਨ ਵਿੱਚ ਬੀ.ਏ.ਪੀ.ਐਸ ਸਵਾਮੀਨਾਰਾਇਣ ਮੰਦਰ ਵਿੱਚ ਫਿਰ ਤੋਂ ਭੰਨਤੋੜ ਕੀਤੀ ਗਈ। ਪਿਛਲੇ ਕੁਝ ਸਾਲਾਂ ਦੌਰਾਨ ਕੈਨੇਡਾ ਵਿਚ ਗ੍ਰੇਟਰ ਟੋਰਾਂਟੋ ਏਰੀਆ, ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਥਾਵਾਂ 'ਤੇ ਹਿੰਦੂ ਮੰਦਰਾਂ ਵਿਚ ਭਾਰਤ ਵਿਰੋਧੀ ਨਾਅਰਿਆਂ ਨਾਲ ਭੰਨਤੋੜ ਕੀਤੀ ਜਾ ਰਹੀ ਹੈ।

## ਹੁਣ ਘਰ ਬੈਠੇ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਲਈ

ਰਜਿਸਟਡ ਨਰਸ (NCLEX) ਦਾ ਪੇਪਰ ਪਾਸ ਕਰੋ
ਅਤੇ ਇਸ ਦੀ ਰਜਿਸਟ੍ਰੇਸ਼ਨ ਕਰਵਾਕੇ ਲਾਈਸੈਂਸ ਵੀ ਘਰ ਬੈਠੇ ਹੀ ਪ੍ਰਾਪਤ ਕਰੋ

## ਰੀਫਰੈਸ਼ ਨਰਸਿੰਗ ਸੈਂਟਰ, ਕੈਨੇਡਾ

### ਸਹੂਲਤਾਂ

❖ 5 ਮਹੀਨੇ ਆਨਲਾਈਨ ਕਲਾਸਾਂ ❖ ਡਿਜੀਟਲ ਨੋਟਿਸ ❖ ਰਿਕਾਰਡ ਕੀਤੇ ਹੋਏ ਲੈਕਚਰ ❖ ਕੁਇਜ਼ ਪ੍ਰੋਗਰਾਮ ❖ ਸਾਰੇ NCLEX ਵਿਸ਼ਿਆਂ ਦੀ ਵਿਆਪਕ ਸਮੀਖਿਆ ❖ ਪ੍ਰੀਖਿਆ ਦੇ ਯੋਗ ਬਣਾਉਣ ਤੋਂ ਲੈ ਕੇ ਲਾਈਸੈਂਸ ਲੈਣ ਤੱਕ ਤੁਹਾਡੀ ਮਦਦ ਕਰਨ ਲਈ ਹਾਜ਼ਰ

ਵਿਸ਼ੇਸ਼: RN ਦੀ ਇਹ ਪ੍ਰੀਖਿਆ ਪਾਸ ਉਮੀਦਵਾਰ PR ਲਈ ਸਿੱਧਾ ਅਪਲਾਈ ਕਰਨ ਦੇ ਯੋਗ ਹੋ ਜਾਂਦਾ ਹੈ।

ਹੋਰ ਜਾਣਕਾਰੀ ਲਈ ਹੇਠਲੇ ਨੰਬਰਾਂ 'ਤੇ ਵੱਟਸਐਪ ਕਰੋ
ਕੈਨੇਡਾ ਮੋਬਾਈਲ ਨੰ: 001 204 915 7801
ਆਸਟ੍ਰੇਲੀਆ ਮੋਬਾਈਲ ਨੰ: 0061 469 740 116



ਪ੍ਰੋਪ: ਅਵਨੀਤ ਕੌਰ ਉਪਲ
RN Canada

## ਕੈਨੇਡਾ 'ਚ ਪੰਜਾਬੀ ਵਿਦਿਆਰਥਣ ਦੀ ਸੜਕ ਹਾਦਸੇ 'ਚ ਮੌਤ, 10 ਮਹੀਨੇ ਪਹਿਲਾਂ ਪੜ੍ਹਾਈ ਲਈ ਗਈ ਸੀ ਵਿਦੇਸ਼

**ਕੈਨੇਡਾ, 23 ਜੁਲਾਈ (ਪੰਜਾਬ ਡਾਇਰੀ)-** ਕੈਨੇਡਾ ਤੋਂ ਹਰ ਰੋਜ਼ ਭਾਰਤੀ ਵਿਦਿਆਰਥੀਆਂ ਅਤੇ ਨੌਜਵਾਨਾਂ ਦੀਆਂ ਮੌਤਾਂ ਦੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਹਨ। ਇਸ ਦੇ ਨਾਲ ਹੀ ਅਜਿਹਾ ਹੀ ਇੱਕ ਮਾਮਲਾ ਬਰੈਂਪਟਨ ਤੋਂ ਸਾਹਮਣੇ ਆਇਆ ਹੈ, ਜਿੱਥੇ ਗੁਰਦਾਸਪੁਰ ਦੇ ਪਿੰਡ ਸੁੱਖਾ ਚਿੜਾ ਦੀ ਰਹਿਣ ਵਾਲੀ 21 ਸਾਲਾ ਲੜਕੀ ਲਖਵਿੰਦਰ ਕੌਰ ਉਰਫ਼ ਕੋਮਲ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਹਾਦਸੇ ਦੌਰਾਨ ਉਸ ਦੇ ਦੋਸਤ ਵੀ ਉਸ ਦੇ ਨਾਲ ਸਨ।

### ਕੋਮਲ 10 ਮਹੀਨੇ ਪਹਿਲਾਂ ਸਟੱਡੀ ਵੀਜ਼ੇ 'ਤੇ ਵਿਦੇਸ਼ ਗਈ ਸੀ

ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਲੜਕੀ ਦੇ ਚਾਚਾ ਨਰਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ 21 ਸਾਲਾ ਭਤੀਜੀ ਲਖਵਿੰਦਰ ਕੌਰ ਉਰਫ਼ ਕੋਮਲ ਪੁੱਤਰੀ ਬਲਵਿੰਦਰ ਸਿੰਘ 10 ਮਹੀਨੇ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਈ ਸੀ। ਉਸ ਨੇ ਦੱਸਿਆ ਕਿ ਉਹ ਆਪਣੇ ਚਾਰ ਦੋਸਤਾਂ ਨਾਲ ਕਿਸੇ ਕੰਮ ਲਈ ਕਾਰ ਵਿੱਚ ਜਾ ਰਹੀ ਸੀ। ਇਸ ਦੌਰਾਨ ਕਾਰ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾ ਗਈ।



ਇਸ ਹਾਦਸੇ ਵਿੱਚ ਕੋਮਲ ਸਮੇਤ ਤਿੰਨ ਹੋਰ ਲੜਕੀਆਂ ਦੀ ਮੌਤ ਹੋ ਗਈ, ਜਦਕਿ ਇੱਕ ਲੜਕਾ ਗੰਭੀਰ ਜ਼ਖ਼ਮੀ ਹੋ ਗਿਆ।

### ਰੋ-ਰੋ ਕੇ ਪਰਿਵਾਰ ਵਾਲਿਆਂ ਦੀ ਹਾਲਤ ਖਰਾਬ

ਇਸ ਹਾਦਸੇ ਦੀ ਪੁਸ਼ਟੀ ਕੈਨੇਡੀਅਨ ਪੁਲਿਸ ਨੇ ਕੀਤੀ ਹੈ। ਇਸ ਹਾਦਸੇ ਤੋਂ ਬਾਅਦ ਪਰਿਵਾਰਕ ਮੈਂਬਰਾਂ ਦਾ ਬੁਰਾ ਹਾਲ ਹੈ ਅਤੇ ਰੋਣਾ ਰੋ ਰਿਹਾ ਹੈ। ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ। ਇਸ ਮੌਕੇ ਸਮਾਜ ਸੇਵੀ ਬਲਦੇਵ ਸਿੰਘ ਬੱਲਾ ਸੁੱਖਾ ਛਿੱਡਾ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੇ ਪਿਤਾ ਨੇ ਮਿਹਨਤ ਮਜ਼ਦੂਰੀ ਕਰ ਕੇ ਕੁਝ ਕਰਜ਼ਾ ਚੁੱਕ ਕੇ ਆਪਣੀ ਲੜਕੀ ਦਾ ਭਵਿੱਖ ਸੁਰੱਖਿਅਤ ਕਰਨ ਲਈ ਕਰੀਬ 10 ਮਹੀਨੇ ਪਹਿਲਾਂ ਉਸ ਨੂੰ ਕੈਨੇਡਾ ਪੜ੍ਹਨ ਲਈ ਭੇਜਿਆ ਸੀ।

### ਦੋ ਸਮੈਸਟਰ ਹੀ ਕੀਤੇ ਸਨ ਪਾਸ

ਕੋਮਲ ਨੇ ਅਜੇ ਦੋ ਸਮੈਸਟਰ ਹੀ ਪੂਰੇ ਕੀਤੇ ਸਨ ਅਤੇ ਕਾਲਜ ਤੋਂ ਚਾਰ ਮਹੀਨੇ ਦੀ ਛੁੱਟੀ ਸੀ, ਇਸ ਲਈ ਉਹ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਕੰਮ ਕਰ ਰਹੀ ਸੀ ਅਤੇ ਇਸ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਉਕਤ ਪਰਿਵਾਰ ਨੇ ਮਾਂ ਨੂੰ ਬੇਨਤੀ ਕੀਤੀ ਹੈ ਕਿ ਉਸ ਦੀ ਧੀ ਦੀ ਮ੍ਰਿਤਕ ਦੇਹ ਜਲਦ ਭਾਰਤ ਭੇਜੀ ਜਾਵੇ।

# ਰੋਟਰੀ ਕਲੱਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਤੇ ਸਕੱਤਰ ਅਸ਼ਵਨੀ ਬਾਂਸਲ ਦੀ ਮਨਮੋਹਕ ਸਮਾਗਮ 'ਚ ਹੋਈ ਤਾਜਪੋਸ਼ੀ






**ਫ਼ਰੀਦਕੋਟ, 23 ਜੁਲਾਈ (ਗੁਰਬਾਜ ਸਿੰਘ)**- ਇਲਾਕੇ ਦੇ ਖ਼ੂਬਸੂਰਤ ਹੋਟਲ ਦਾਸਤਾਨ ਹੋਟਲ ਵਿਖੇ ਰੋਟਰੀ ਕਲੱਬ ਫ਼ਰੀਦਕੋਟ ਦੇ ਨਵੇਂ ਬਣੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਅਤੇ ਸਕੱਤਰ ਅਸ਼ਵਨੀ ਬਾਂਸਲ ਦੀ ਤਾਜਪੋਸ਼ੀ ਲਈ ਮਨਮੋਹਕ ਸਮਾਗਮ ਰੋਟਰੀ ਇੰਟਰਨੈਸ਼ਨਲ ਦੇ ਜ਼ਿਲਾ 3090 ਦੇ ਗਵਰਨਰ ਡਾ: ਸੰਦੀਪ ਕੁਮਾਰ ਚੌਹਾਨ ਦੀ ਯੋਗ ਅਗਵਾਈ ਹੇਠ ਕੀਤਾ ਗਿਆ। ਇਸ ਤਾਜਪੋਸ਼ੀ ਸਮਾਗਮ 'ਚ ਜ਼ਿਲਾ ਗਵਰਨਰ ਇਲੈਕਟ ਭੁਪੇਸ਼ ਮਹਿਤਾ, ਸਾਬਕਾ ਜ਼ਿਲਾ ਗਵਰਨਰ ਬਾਘ ਸਿੰਘ ਪੰਨੂ ਪਟਿਆਲਾ, ਸ੍ਰੀਮਤੀ ਮਧੂ ਮਹਿਤਾ, ਜਸਮੋਹਨ ਸਿੰਘ ਜ਼ਿਲਾ ਜਨਰਲ ਸਕੱਤਰ, ਸਾਬਕਾ ਜ਼ਿਲਾ ਗਵਰਨਰ ਐਡਵੋਕੇਟ ਆਰ.ਸੀ.ਜੈਨ, ਸਹਾਇਕ ਗਵਰਨਰ ਕੁਲਦੀਪ ਗਰਗ, ਰਾਹੁਲ ਕੱਕੜ, ਸੁਬੋਧ ਮੈਨੀ ਅਤੇ ਸਹਾਇਕ ਗਵਰਨਰ ਕਮਲ ਸ਼ਰਮਾ ਉਚੇਚੇ ਤੌਰ 'ਤੇ ਸ਼ਾਮਲ ਸਨ। ਰੋਟਰੀ ਕਲੱਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੂੰ ਸਮਾਗਮ ਦੌਰਾਨ ਰੋਟਰੀ ਦਾ ਕਾਲਰ ਪਹਿਨਾਇਆ ਗਿਆ। ਇਸ ਮੌਕੇ ਇਲਾਕੇ ਦੀ ਨਾਮਵਰ ਹਸਤੀ ਪ੍ਰਿੰਸੀਪਲ ਡਾ.ਐੱਸ.ਪੀ.ਐੱਸ.ਸੋਢੀ ਨੇ ਨਵੀਂ ਬਣੀ ਟੀਮ ਨੂੰ ਸ਼ਾਇਰਾਨਾ ਅੰਦਾਜ਼ 'ਚ ਵਧਾਈ ਦਿੰਦਿਆਂ ਸਮਾਗਮ ਨੂੰ ਰੰਗੀਨ ਬਣਾ ਦਿੱਤਾ। ਇਸ ਮੌਕੇ ਰੋਟਰੀ ਇੰਟਰਨੈਸ਼ਨਲ ਦੇ ਜ਼ਿਲਾ ਗਵਰਨਰ ਡਾ: ਸੰਦੀਪ ਕੁਮਾਰ ਚੌਹਾਨ ਨੇ ਰੋਟਰੀ ਕਲੱਬ ਵਲੋਂ ਆਉਂਦੇ ਦਿਨਾਂ 'ਚ ਕੀਤੇ ਜਾਣ ਵਾਲੇ ਸਮਾਜ ਭਲਾਈ ਦੇ ਪ੍ਰੋਜੈਕਟਾਂ ਸਬੰਧੀ ਸਭ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਅੱਥਰੂ ਪੂੰਝਣ 'ਚ ਜੋ ਖ਼ੁਸ਼ੀ ਹੈ ਉਸ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਾਲ 2023-24 ਦੇ ਪ੍ਰਧਾਨ ਅਰਵਿੰਦ ਛਾਬੜਾ ਦੀ ਅਗਵਾਈ ਹੇਠ ਕੀਤੇ ਗਏ ਪ੍ਰੋਜੈਕਟਾਂ ਦੀ ਪ੍ਰਸ਼ੰਸ਼ਾ ਕਰਦਿਆਂ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਕਲੱਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਉਹ ਰੋਟਰੀ ਕਲੱਬ ਵੱਲੋਂ ਮਿਲੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਸਮੂਹ ਮੈਂਬਰਾਂ ਨੂੰ ਨਾਲ ਲੈ ਕੇ ਮਾਨਵਤਾ ਦੀ ਸੇਵਾ ਦੇ ਪ੍ਰੋਜੈਕਟ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ। ਇਸ ਮੌਕੇ ਕਲੱਬ ਦੇ ਸਕੱਤਰ ਅਸ਼ਵਨੀ ਬਾਂਸਲ ਨੇ ਸਭ ਦਾ ਧੰਨਵਾਦ ਕਰਦਿਆਂ ਰੋਟਰੀ ਕਲੱਬ ਵੱਲੋਂ ਨਿਰੰਤਰ ਰੋਟਰੀ ਇੰਟਰਨੇਸ਼ਨਲ ਦੇ ਪ੍ਰੋਗਰਾਮਾਂ ਨੂੰ ਪੂਰਨ ਸੁਹਿਦਰਤਾ ਨਾਲ ਲਾਗੂ ਕਰਨ ਦਾ ਵਿਸ਼ਵਾਸ਼ ਦੁਆਇਆ। ਇਸ ਮੌਕੇ ਰੋਟਰੀ ਕਲੱਬ ਦੇ ਸਰਗਰਮ ਆਗੂ ਡਾ.ਦਾਨਿਸ਼ ਜਿੰਦਲ ਵਲੋਂ ਰੋਟਰੀ ਪੀ.ਐੱਚ.ਐੱਫ਼. ਦੇ ਲਈ 1000 ਪੌਂਡ ਅਤੇ ਐਡਵੋਕੇਟ ਲਲਿਤ ਮੋਹਨ ਗੁਪਤਾ ਸਾਬਕਾ ਚੇਅਰਮੈਨ ਨਗਰ ਸੁਧਾਰ ਟਰੱਸਟ ਫ਼ਰੀਦਕੋਟ ਨੇ 300 ਪੌਂਡ ਦਿੱਤੇ ਜਦ ਕਿ ਭਾਰਤ ਭੂਸ਼ਨ ਸਿੰਗਲਾ ਨੇ 300 ਪੌਂਡ, ਅਸ਼ਵਨੀ ਬਾਂਸਲ ਨੇ 300 ਪੌਂਡ, ਮਨਪ੍ਰੀਤ ਸਿੰਘ ਬਰਾੜ ਨੇ 300 ਪੌਂਡ, ਅਰਵਿੰਦ ਛਾਬੜਾ ਨੇ 300 ਪੌਂਡ ਅਤੇ ਤਰਨਜੋਤ ਸਿੰਘ ਕੋਹਲੀ ਨੇ 300 ਪੌਂਡ ਦੇਣ ਦਾ ਐਲਾਨ ਕੀਤਾ। ਤਾਜਪੋਸ਼ੀ ਸਮਾਗਮ 'ਚ ਰੋਟਰੀ ਕਲੱਬ ਦੇ ਨਵੇਂ ਬਣੇ ਮੈਂਬਰ ਡਾ.ਦਾਨਿਸ਼ ਜਿੰਦਲ, ਐਡਵੋਕੇਟ ਸਤਿੰਦਰ ਪਾਲ ਸਿੰਘ ਸੰਧੂ , ਐਡਵੋਕੇਟ ਰਣਜੀਤ ਸਿੰਘ ਸੇਠੀ, ਕੈਂਸਰ ਦੇ ਮਾਹਿਰ ਡਾ.ਪ੍ਰਦੀਪ ਗਰਗ, ਡਾ.ਸ਼ਮੀਨ ਮੌਂਗਾ, ਸਾਹਿਲ ਮਹੇਸ਼ਵਰੀ, ਲਖਵਿੰਦਰ ਸਿੰਘ ਗਿੱਲ, ਰਾਜਨ ਮੰਗਲ, ਵਰੁਣ ਮੰਗੇਵਾਲੀਆ, ਦੇਵਜੀਤ ਸੱਚਦੇਵਾ, ਕੁਨਾਲ ਮਿੱਤਲ ਨੂੰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਵਲੋਂ ਰੋਟਰੀ ਪਿੰਨ ਲਗਾ ਕੇ ਸਵਾਗਤ ਕੀਤਾ ਗਿਆ। ਮੰਚ ਸੰਚਾਲਨ ਨਵੀਸ਼ ਛਾਬੜਾ ਅਤੇ ਦਵਿੰਦਰ ਸਿੰਘ ਪੰਜਾਬ ਮੋਟਰਜ਼ ਨੇ ਕਰਦਿਆਂ ਖ਼ੂਬ ਰੰਗ ਬੰਨਿਆ। ਸਮੇਂ ਦੀ ਨਜ਼ਾਕਤ ਸਮਝਦਿਆਂ ਉਨ੍ਹਾਂ ਵੱਲੋਂ ਕੀਤੀ ਪੂਰੀ ਗੱਲਬਾਤ ਮਾਨਣਯੋਗ ਸੀ। ਇਸ ਮੌਕੇ ਵਰਿੰਦਰ ਬਾਂਸਲ ਬਿੰਦਰੀ ਪ੍ਰਧਾਨ, ਐਡਵੋਕੇਟ ਜੋਗਿੰਦਰ ਸਿੰਘ ਬਰਾੜ,ਚਰਨਜੀਤ ਸਿੰਘ ਭੋਲੂਵਾਲਾ, ਸਟੇਟ ਐਵਾਰਡੀ ਕੁਲਜੀਤ ਸਿੰਘ ਵਾਲੀਆ, ਇਲਾਕੇ ਦੇ ਪ੍ਰਸਿੱਧ ਡਾ.ਬਿਮਲ ਗਰਗ, ਰਮਨਦੀਪ ਸਿੰਘ ਭੋਲੂਵਾਲਾ, ਸੰਜੀਵ ਗਰਗ ਵਿੱਕੀ, ਸੀਨਅਰ ਮੈਂਬਰ ਪ੍ਰਿਤਪਾਲ ਸਿੰਘ ਕੋਹਲੀ, ਸੁਖਵੰਤ ਸਿੰਘ, ਸੁਖਬੀਰ ਸਿੰਘ ਸੱਚਦੇਵਾ, ਸਤੀਸ਼ ਬਾਗੀ, ਕਰਨਲ ਬਲਬੀਰ ਸਿੰਘ, ਕੇ.ਪੀ.ਸਿੰਘ ਸਰਾਂ, ਅਰਵਿੰਦ ਛਾਬੜਾ,ਇੰਜਨੀਅਰ ਜੀਤ ਸਿੰਘ, ਡਾ.ਸ਼ਸ਼ੀਕਾਂਤ ਧੀਰ, ਐਡਵੋਕੇਟ ਰਾਜਿੰਦਰ ਸ਼ਰਮਾ, ਗੌਰਵ ਸ਼ਰਮਾ, ਕੇਵਲ ਕ੍ਰਿਸ਼ਨ ਕਟਾਰੀਆ, ਜਗਦੀਪ ਸਿੰਘ ਗਿੱਲ, ਅਸ਼ੋਕ ਚਾਨਣਾ, ਅਮਿਤ ਅਰੋੜਾ, ਵਿਰਸਾ ਸਿੰਘ ਸੰਧੂ, ਰਾਕੇਸ਼ ਕੰਬੋਜ਼, ਪਰਵਿੰਦਰ ਸਿੰਘ ਕੰਧਾਰੀ, ਮਨੰਤ ਜੈਨ, ਰਵੀ ਬਾਂਸਲ, ਪੰਕਜ ਜੈਨ, ਡਾ.ਹਰਸ਼ਵਰਧਨ ਗੋਇਲ, ਡਾ.ਗਗਗ ਬਜਾਜ, ਬੇਟੀ ਅਰਮਾਨ ਪੁਰੀ, ਇੰਦਰਜੀਤ ਬਾਂਸਲ, ਕੁਨਾਲ ਅਸੀਜਾ, ਡਾ.ਵਿਸ਼ਵ ਮੋਹਨ ਗੋਇਲ ਸਮੇਤ ਕਲੱਬ ਦੇ ਮੈਂਬਰ ਪ੍ਰੀਵਾਰਾਂ ਸਮੇਤ ਹਾਜ਼ਰ ਹੋਏ।

# ਭਾਰਤ ਵਿਕਾਸ ਪ੍ਰੀਸ਼ਦ ਜੈਤੋ ਨੇ ਸਕੂਲੀ ਬੱਚਿਆਂ ਨੂੰ ਫ਼ਲ ਅਤੇ ਖਾਣ ਦਾ ਸਮਾਨ ਵੰਡਿਆ



**ਜੈਤੋ, 23 ਜੁਲਾਈ (ਮਨੂੰ ਪਰਾਸ਼ਰ)**- ਇਲਾਕੇ ਦੀ ਮਾਨਵਤਾ ਨੂੰ ਸਮਰਪਿਤ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਜੈਤੋ ਦੇ ਪ੍ਰਧਾਨ ਉਮਾ ਸ਼ੰਕਰ ਸ਼ਰਮਾ ਐਡਵੋਕੇਟ ਦੀ ਰਹਿਨੁਮਾਈ ਹੇਠ ਪ੍ਰੀਸ਼ਦ ਵੱਲੋਂ ਮਨੁੱਖਤਾ ਦੀ ਸੇਵਾ ਲਈ ਲਗਾਤਾਰ ਪ੍ਰੋਗਰਾਮ ਚਲਾਏ ਜਾ ਰਹੇ ਹਨ । ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਨੇੜੇ ਪੁਲੀਸ ਸਟੇਸ਼ਨ ਜੈਤੋ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਦੇ ਦੇ ਸੀਨੀਅਰ ਆਗੂ ਰਮੇਸ਼ ਮੋਂਗਾ ਦੀ ਪ੍ਰਧਾਨਗੀ ਸਮੂਹ ਬੱਚਿਆਂ ਨੂੰ ਵੱਡੀ ਗਿਣਤੀ ਵਿਚ ਖੁੱਲੇ ਫ਼ਲ ਵੰਡੇ ਗਏ। ਇਸ ਤੋਂ ਇਲਾਵਾ ਬੱਚਿਆਂ ਨੂੰ ਖਾਣ ਲਈ ਬਿਸਕੁਟ ਆਦਿ ਸਾਮਾਨ ਵੀ ਦਿੱਤਾ ਗਿਆ। ਇਸ ਮਾਨਵਤਾ ਦੀ ਸੇਵਾ ਵਿਚ ਭਾਰਤ ਵਿਕਾਸ ਪ੍ਰੀਸ਼ਦ ਦੇ ਸੀਨੀਅਰ ਆਗੂ ਰਮੇਸ਼ ਮੋਂਗਾ ਵੱਲੋਂ ਪੂਰਾ ਸਮਾਨ ਦਿੱਤਾ ਗਿਆ ਹੈ। ਇਸ ਮੌਕੇ ਪ੍ਰੀਸ਼ਦ ਦੇ ਸੂਬਾਈ ਮੈਂਬਰ ਰੁਲੀਆ ਰਾਮ ਸਿੰਗਲਾ ਗੀਜੀਵਾਲਾ , ਰਾਜੀਵ ਗੋਇਲ ਬਿੱਟੂ ਬਾਦਲ ਸੂਬਾ ਕਨਵੀਨਰ ਪ੍ਰੈਸ ਅਤੇ ਮੀਡਿਆ, ਦੀ ਅਗਵਾਈ ਵਿੱਚ ਵਣ ਮਹਾਉਤਸਵ ਮਨਾਇਆ ਗਿਆ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਉਮਾ ਸ਼ੰਕਰ ਸ਼ਰਮਾ ਐਡਵੋਕੇਟ, ਪ੍ਰੀਸ਼ਦ ਦੇ ਯੂਥ ਵਿੰਗ ਦੇ ਪ੍ਰਧਾਨ ਗਗਨ ਸਿੰਗਲਾ ਗੀਜੀਵਾਲਾ, ਪ੍ਰਹਿਲਾਦ ਰਾਏ ਗਰਗ, ਮੁਕੇਸ਼ ਬਾਂਸਲ,ਸੰਜੇ ਮਿੱਤਲ, ਜੀਵਨ ਗਰਗ ਭਗਤੂਆਣਾ ਵਾਲੇ।, ਪ੍ਰੀਸ਼ਦ ਦੇ ਆਲ ਪ੍ਰੋਜੈਕਟ ਚੇਅਰਮੈਨ ਸਤੀਸ਼ ਗੋਇਲ, ਸੁਨੀਲ ਸਿੰਗਲਾ, ਚੰਦਰ ਅਗਰਵਾਲ,ਮੋਹਨ ਲਾਲ ਜਿੰਦਲ, ਮੋਹਨ ਲਾਲ ਜਿੰਦਲ, ਕ੍ਰਿਸ਼ਨ ਮਿੱਤਲ, ਸੁਮੇਸ਼ ਕੋਚਰ ਆਦਿ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨੇ ਬੱਚਿਆਂ ਨੂੰ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਜੈਤੋ ਵੱਲੋਂ ਫ਼ਲ ਦਿੱਤੇ ਜਾਣ ਬਾਰੇ ਪੁੱਛਿਆ ਤਾਂ ਉਨ੍ਹਾਂ ਖ਼ੁਸ਼ੀ ਜ਼ਾਹਰ ਕੀਤੀ ਅਤੇ ਬਹੁਤ ਸਾਰੇ ਬੱਚਿਆਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਫ਼ਲ ਸਾਨੂੰ ਕਈ ਮਹੀਨਿਆਂ ਬਾਅਦ ਖਾਣ ਲਈ ਮਿਲੇ ਹਨ। ਭਾਰਤ ਵਿਕਾਸ ਪ੍ਰੀਸ਼ਦ ਇਕਾਈ ਜੈਤੋ ਦੇ ਇਸ ਪ੍ਰੋਜੈਕਟ ਦੇ ਚੇਅਰਮੈਨ ਰਮੇਸ਼ ਮੋਂਗਾ ਨੇ ਕਿਹਾ ਕਿ ਪ੍ਰੀਸ਼ਦ ਵੱਲੋਂ ਸਮੇਂ -ਸਮੇ 'ਤੇ ਮਾਨਵਤਾ ਦੀ ਭਲਾਈ ਲਈ ਪ੍ਰੋਜੈਕਟ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮਨ ਵਿਚ ਪਿਛਲੇ ਕਾਫੀ ਦੇਰ ਤੋਂ ਆ ਰਿਹਾ ਸੀ ਕਿ ਸਰਕਾਰੀ ਪ੍ਰਾਇਮਰੀ ਸਕੂਲ ਨੇੜੇ ਪੁਲੀਸ ਸਟੇਸ਼ਨ ਜੈਤੋ ਦੇ ਬੱਚਿਆਂ ਸਮੂਹ ਬੱਚਿਆਂ ਨੂੰ ਫ਼ਲ ਖਿਲਾਏ ਜਾਣ। ਉਨ੍ਹਾਂ ਕਿਹਾ ਕਿ ਅੱਜ ਦੀ ਭਾਰੀ ਮਹਿੰਗਾਈ ਦੇ ਦੋਰਾਨ ਆਮ ਆਦਮੀ ਲਈ ਫਲ ਖ਼ਰੀਦਣਾ ਬਹੁਤ ਮੁਸ਼ਕਲ ਹੈ ਪਰ ਉਨ੍ਹਾਂ ਦਾ ਸਪਣਾ ਸੀ ਕਿ ਸਾਧਾਰਨ ਪਰਿਵਾਰ ਨਾਲ ਸਮੂਹ ਬੱਚਿਆਂ ਨੂੰ ਫ਼ਲ ਅਤੇ ਹੋਰ ਖਾਣ ਦਾ ਸਮਾਨ ਵੰਡਿਆ ਜਾਵੇ। ਉਨ੍ਹਾਂ ਭਾਰਤ ਵਿਕਾਸ ਪ੍ਰੀਸ਼ਦ ਦੀ ਸਮੂਹ ਟੀਮ ਦਾ ਤਹਿਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰੋਜੈਕਟ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦਿੱਤਾ। ਭਾਰਤ ਵਿਕਾਸ ਪ੍ਰੀਸ਼ਦ ਇਕਾਈ ਜੈਤੋ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨੇੜੇ ਪੁਲੀਸ ਸਟੇਸ਼ਨ ਜੈਤੋ ਵਿਖੇ ਬੱਚਿਆਂ ਨੂੰ ਵੱਡੀ ਗਿਣਤੀ ਵਿਚ ਖੁੱਲੇ ਫ਼ਲ ਅਤੇ ਖਾਣ ਦਾ ਸਮਾਨ ਵੰਡਿਆ।

**ਪੰਜਾਬ ਡਾਇਰੀ ਕੈਨੇਡਾ**

**ਬਲਵਿੰਦਰ ਸਿੰਘ ਹਾਲੀ**
ਸੰਪਾਦਕ
**ਨਿਰਮਲ ਸਿੰਘ ਸਾਧਾਂਵਾਲੀਆ**
ਪ੍ਰਬੰਧਕ ਸੰਪਾਦਕ
**ਜਸਵੰਤ ਸਿੰਘ ਜੱਸ**
ਕਾਨੂੰਨੀ ਸੰਪਾਦਕ

**ਕੈਨੇਡੀਅਨ ਸਲਾਹਕਾਰ ਬੋਰਡ**

**ਪ੍ਰਣਾਮ ਸਿੰਘ ਮੌੜ**
ਵਿਨੀਪੈਗ
**ਕੁਲਬੀਰ ਸਿੰਘ ਬਰਾੜ**
ਸਰੀ
**ਯਾਦਵਿੰਦਰ ਸਿੰਘ ਦਿਉਲ**
ਵਿਨੀਪੈਗ
**ਬਲਤੇਜ ਇੰਦਰ ਪਾਲ ਸਿੰਘ**
ਓਨਟਾਰੀਓ

# ਟਿਕਟ ਚੈਕਿੰਗ ਸਟਾਫ ਨੇ ਟਰੇਨ 'ਚ ਮਿਲਿਆ ਮਹਿਲਾ ਯਾਤਰੀ ਦਾ ਬੈਗ ਸੌਂਪ ਕੇ ਆਪਣੀ ਨਿਭਾਈ ਡਿਊਟੀ




**ਜੈਤੋ, 23 ਜੁਲਾਈ (ਮੰਨੂ ਪਰਾਸ਼ਰ)** : ਉੱਤਰੀ ਰੇਲਵੇ ਦੇ ਫ਼ਿਰੋਜ਼ਪੁਰ ਰੇਲ ਡਵੀਜ਼ਨ ਦੇ ਸ੍ਰੀ ਡਿਪਟੀ ਟੀ.ਐਸ. ਰਣਜੀਤ (ਹੈਡ ਆਫਿਸ ਅੰਮ੍ਰਿਤਸਰ) ਨੂੰ ਟਰੇਨ ਨੰਬਰ 12014 (ਅੰਮ੍ਰਿਤਸਰ-ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ) ਵਿੱਚ ਟਿਕਟ ਚੈਕਿੰਗ ਦੌਰਾਨ ਸੀ-8-22 (ਅਨੁਭੂਤੀ ਕੋਚ) ਵਿੱਚ ਇੱਕ ਬੈਗ ਮਿਲਿਆ। ਜਿਸ ਵਿੱਚ ਯਾਤਰੀ ਦਾ ਜ਼ਰੂਰੀ ਸਮਾਨ ਸੀ। ਸ਼੍ਰੀ ਟੀ.ਐੱਸ. ਰੰਜੀਤ ਨੇ ਐਚਐਸਟੀ ਰਾਹੀਂ ਉਸ ਦਾ ਮੋਬਾਈਲ ਨੰਬਰ ਲੈ ਕੇ ਯਾਤਰੀ ਨਾਲ ਸੰਪਰਕ ਕੀਤਾ, ਜਿਸ ਵਿਚ ਯਾਤਰੀ ਨੇ ਦੱਸਿਆ ਕਿ ਉਹ ਨਵੀਂ ਦਿੱਲੀ ਜਾਣ ਲਈ ਸਰਹਿੰਦ ਰੇਲਵੇ ਸਟੇਸ਼ਨ 'ਤੇ ਰੇਲਗੱਡੀ ਨੰਬਰ 12014 ਦੇ ਸੀ-8-22 ਕੋਚ ਵਿਚ ਸਵਾਰ ਹੋਈ ਸੀ ਜ਼ਰੂਰੀ ਕੰਮ ਹੋਣ ਕਾਰਨ ਉਸ ਨੂੰ ਆਪਣੀ ਯਾਤਰਾ ਮੁਲਤਵੀ ਕਰਨੀ ਪਈ ਅਤੇ ਯਾਤਰੀ ਜਲਦਬਾਜ਼ੀ 'ਚ ਟਰੇਨ ਤੋਂ ਉਤਰ ਗਿਆ ਅਤੇ ਆਪਣਾ ਬੈਗ ਟਰੇਨ 'ਚ ਭੁੱਲ ਗਿਆ। ਯਾਤਰੀ ਨੇ ਸਰਹਿੰਦ ਰੇਲਵੇ ਸਟੇਸ਼ਨ 'ਤੇ ਮੌਜੂਦ ਟਿਕਟ ਚੈਕਿੰਗ ਸਟਾਫ ਨਾਲ ਸੰਪਰਕ ਕੀਤਾ ਅਤੇ ਆਪਣੇ ਬੈਗ ਬਾਰੇ ਜਾਣਕਾਰੀ ਦਿੱਤੀ। ਤੁਰੰਤ ਕਾਰਵਾਈ ਕਰਦੇ ਹੋਏ, ਮੌਜੂਦਾ ਟਿਕਟ ਚੈਕਿੰਗ ਸਟਾਫ, ਰੇਲ ਨੰਬਰ-12014 ਵਿੱਚ ਡਿਊਟੀ 'ਤੇ ਤਾਇਨਾਤ ਡਿਪਟੀ ਟੀ.ਐਸ. ਰਣਜੀਤ ਨਾਲ ਸੰਪਰਕ ਕੀਤਾ ਅਤੇ ਸਾਰੀ ਘਟਨਾ ਬਾਰੇ ਦੱਸਿਆ। ਜਿਸ ਤੋਂ ਬਾਅਦ ਸ੍ਰੀ ਰਣਜੀਤ ਨੇ ਯਾਤਰੀ ਦਾ ਬੈਗ ਬਰਾਮਦ ਕੀਤਾ ਅਤੇ ਯਾਤਰੀ ਨਾਲ ਸੰਪਰਕ ਕੀਤਾ ਅਤੇ ਵਾਪਸੀ 'ਤੇ ਰੇਲ ਗੱਡੀ ਨੰਬਰ 12013 'ਚ ਸਰਹਿੰਦ ਰੇਲਵੇ ਸਟੇਸ਼ਨ 'ਤੇ ਉਕਤ ਮਹਿਲਾ ਯਾਤਰੀ ਦੇ ਪਿਤਾ ਨੂੰ ਸੌਂਪ ਦਿੱਤਾ। ਯਾਤਰੀ ਨੇ ਭਾਰਤੀ ਰੇਲਵੇ ਦਾ ਧੰਨਵਾਦ ਕੀਤਾ ਅਤੇ ਕੰਮ ਪ੍ਰਤੀ ਰੇਲਵੇ ਸਟਾਫ ਦੀ ਇਮਾਨਦਾਰੀ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਸ੍ਰੀ ਪਰਮਦੀਪ ਸਿੰਘ ਸੈਣੀ ਨੇ ਟਿਕਟ ਚੈਕਿੰਗ ਸਟਾਫ਼ ਨੂੰ ਇਸ ਸ਼ਲਾਘਾਯੋਗ ਕੰਮ ਲਈ ਪ੍ਰਸ਼ੰਸਾ ਪੱਤਰ ਦੇਣ ਦਾ ਐਲਾਨ ਕੀਤਾ ਤਾਂ ਜੋ ਹੋਰ ਟਿਕਟ ਚੈਕਿੰਗ ਸਟਾਫ਼ ਵੀ ਪ੍ਰੇਰਨਾ ਲੈ ਕੇ ਸ਼ਲਾਘਾਯੋਗ ਕੰਮ ਕਰਨ।

# ਮੋਦੀ 3.0 ਦੇ ਪਹਿਲੇ ਬਜਟ ’ਤੇ ਰਾਹੁਲ ਗਾਂਧੀ ਦੀ ਪਹਿਲੀ ਪ੍ਰਤੀਕਿਰਿਆ, ਕਿਹਾ- ਇਸ ਕੁਰਸੀ ਨੂੰ ਬਚਾਓ



**ਦਿੱਲੀ, 23 ਜੁਲਾਈ (ਪੰਜਾਬ ਡਾਇਰੀ)**- ਭਾਰਤੀ ਜਨਤਾ ਪਾਰਟੀ ਦੇ ਨੇਤਾ ਮੋਦੀ 3.0 ਦੇ ਪਹਿਲੇ ਬਜਟ ਦੀ ਤਾਰੀਫ ਕਰ ਰਹੇ ਹਨ। ਇਸ ਦੌਰਾਨ ਇਸ ਬਜਟ ਨੂੰ ਲੈ ਕੇ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੇ ਮੋਦੀ ਸਰਕਾਰ ’ਤੇ ਨਿਸ਼ਾਨਾ ਸਾਧਿਆ ਹੈ। ਰਾਹੁਲ ਨੇ ਇਸ ਨੂੰ ‘ਕੁਰਸੀ ਬਚਾਓ’ ਬਜਟ ਕਿਹਾ ਹੈ।

ਰਾਹੁਲ ਗਾਂਧੀ ਨੇ ਇਸ ਬਜਟ ਨੂੰ ਆਪਣੇ ਸਹਿਯੋਗੀਆਂ ਨੂੰ ਖੁਸ਼ ਕਰਨ ਵਾਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ ਹੋਰਨਾਂ ਸੂਬਿਆਂ ਦੀ ਕੀਮਤ ’ਤੇ ਉਨ੍ਹਾਂ (ਸਹਾਇਕ ਪਾਰਟੀਆਂ) ਨਾਲ ਖੋਖਲੇ ਵਾਅਦੇ ਕੀਤੇ ਗਏ ਸਨ। ਰਾਹੁਲ ਨੇ ਕਿਹਾ, ਇਹ ਬਜਟ ਆਪਣੇ ਦੋਸਤਾਂ ਨੂੰ ਖੁਸ਼ ਕਰਨ ਲਈ ਲਿਆਂਦਾ ਗਿਆ ਹੈ। 11 (ਅਡਾਨੀ ਅੰਬਾਨੀ) ਨੂੰ ਇਸ ਦਾ ਫਾਇਦਾ ਹੋਵੇਗਾ ਅਤੇ ਆਮ ਭਾਰਤੀ ਨੂੰ ਕੋਈ ਰਾਹਤ ਨਹੀਂ ਮਿਲੇਗੀ। ਇੰਨਾ ਹੀ ਨਹੀਂ ਰਾਹੁਲ ਗਾਂਧੀ ਨੇ ਇਸ ਬਜਟ ਨੂੰ ਕਾਪੀ ਪੇਸਟ ਕਰਾਰ ਦਿੱਤਾ ਹੈ। ਰਾਹੁਲ ਨੇ ਦਾਅਵਾ ਕੀਤਾ ਕਿ ਬਜਟ ਕਾਂਗਰਸ ਦੇ ਚੋਣ ਮਨੋਰਥ ਪੱਤਰ ਅਤੇ ਪਿਛਲੇ ਬਜਟ ਦੀ ਨਕਲ ਕੀਤਾ ਗਿਆ ਹੈ।

## ਬਜਟ ’ਤੇ ਖੜਗੇ ਨੇ ਕੀ ਕਿਹਾ?

ਦੂਜੇ ਪਾਸੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਇਸ ਨੂੰ ਕਾਪੀ-ਪੇਸਟ ਬਜਟ ਦੱਸਿਆ ਹੈ। ਖੜਗੇ ਨੇ ਟਵੀਟ ਕਰਕੇ ਕਿਹਾ, ਮੋਦੀ ਸਰਕਾਰ ਦਾ ਨਕਲ ਬਜਟ ਵੀ ਕਾਂਗਰਸ ਦੇ ਇਨਸਾਫ਼ ਏਜੰਡੇ ਦੀ ਸਹੀ ਨਕਲ ਨਹੀਂ ਕਰ ਸਕਿਆ। ਮੋਦੀ ਸਰਕਾਰ ਦਾ ਬਜਟ ਆਪਣੇ ਗਠਜੋੜ ਭਾਈਵਾਲਾਂ ਨੂੰ ਧੋਖਾ ਦੇਣ ਲਈ ਅੱਧਾ-ਅੱਧਾ ਪੈਸਾ ਵੰਡ ਰਿਹਾ ਹੈ, ਤਾਂ ਜੋ ਐਨ.ਡੀ.ਏ. ਇਹ ਦੇਸ਼ ਦੀ ਤਰੱਕੀ ਲਈ ਨਹੀਂ ਸਗੋਂ ਮੋਦੀ ਸਰਕਾਰ ਨੂੰ ਬਚਾਉਣ ਦਾ ਬਜਟ ਹੈ।

# ਸਰਕਾਰੀ ਪੋਲੀਟੈਕਨਿਕ ਕਾਲਜ, ਬਠਿੰਡਾ ਵਿਖੇ ਵਣ ਮਹਾਉਤਸਵ ਮਨਾਇਆ



**ਬਠਿੰਡਾ, 23 ਜੁਲਾਈ (ਸੱਤਪਾਲ ਮਾਨ)** - ਸਰਕਾਰੀ ਪੋਲੀਟੈਕਨਿਕ ਕਾਲਜ, ਬਠਿੰਡਾ ਵਿਖੇ ਵਣ ਰੇਂਜ, ਬਠਿੰਡਾ ਦੇ ਸਹਿਯੋਗ ਨਾਲ ਵਣ ਮਹਾਉਤਸਵ ਮਨਾਇਆ ਗਿਆ। ਵਣ ਵਿਭਾਗ ਪੰਜਾਬ ਵੱਲੋਂ ਗ੍ਰੀਨ ਪੰਜਾਬ ਮਿਸ਼ਨ ਅਧੀਨ ਕਾਲਜ ਵਿਖੇ 400 ਪੌਦੇ ਲਗਾਕੇ ਨਾਨਕ ਬਗੀਚੀ ਦੀ ਸਥਾਪਨਾ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਅਨੁਜਾ ਪੁਪਨੇਜਾ, ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਦੇ ਰਜਿਸਟਰਾਰ ਸੰਜੀਵ ਗੋਇਲ, ਰੇਂਜ ਅਫ਼ਸਰ, ਬਠਿੰਡਾ ਤਜਿੰਦਰ ਸਿੰਘ ਤੋਂ ਇਲਾਵਾ ਵੱਖੋ-ਵੱਖਰੇ ਮੁਖੀ ਵਿਭਾਗਾਂ ਦੁਆਰਾ ਸਾਂਝੇ ਰੂਪ ਵਿੱਚ ਪੌਦੇ ਲਗਵਾਏ ਗਏ। ਪ੍ਰਿੰਸੀਪਲ ਅਨੁਜਾ ਪੁਪਨੇਜਾ ਨੇ ਜਿਲ੍ਹਾ ਵਣ ਅਫ਼ਸਰ ਬਠਿੰਡਾ ਸਵਰਨ ਸਿੰਘ ਅਤੇ ਵਣ ਵਿਭਾਗ ਪੰਜਾਬ ਦਾ ਧੰਨਵਾਦ ਕਰਦਿਆ ਦੱਸਿਆ ਕਿ ਕਾਲਜ ਵੱਲੋਂ ਹਰ ਸਾਲ ਵਣ ਉਤਸਵ ਮਨਾ ਕੇ ਵੱਡੀ ਪੱਧਰ ਤੇ ਪੌਦੇ ਲਗਾਏ ਜਾਂਦੇ ਹਨ। ਹਰੇ ਭਰੇ ਕਾਲਜ ਕੈਂਪਸ ਵਿੱਚ ਹਜ਼ਾਰ ਤੋਂ ਜਿਆਦਾ ਰੁੱਖ ਅਤੇ ਪੌਦੇ ਲੱਗੇ ਹੋਏ ਹਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ। ਉਹਨਾਂ ਸਟਾਫ਼ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰ ਅਤੇ ਆਲੇ-ਦੁਆਲੇ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ। ਇਸ ਮੌਕੇ ਨਿੰਮ, ਜਾਮਣ, ਅਮਰੂਦ, ਅਮਲਤਾਸ, ਬੇਰੀ, ਆਂਬਲਾ, ਜੰਡ ਅਤੇ ਗੁਲਮੋਹਰ ਤੇ ਪੌਦੇ ਲਗਾਏ ਗਏ। ਇਸ ਮੌਕੇ ਮੁਖੀ ਵਿਭਾਗ ਆਈ.ਟੀ. ਮਨਜੀਤ ਸਿੰਘ ਭੁੱਲਰ, ਮੁਖੀ ਵਿਭਾਗ ਇਲੈਕਟਰੀਕਲ ਜਸਵੀਰ ਸਿੰਘ ਗਿੱਲ, ਮੁਖੀ ਵਿਭਾਗ ਕੰਪਿਊਟਰ ਦਰਸ਼ਨ ਸਿੰਘ ਢਿੱਲੋਂ, ਸੀਨੀਅਰ ਲੈਕਚਰਾਰ ਰਾਕੇਸ਼ ਕੁਮਾਰ ਮਿੱਤਲ, ਸੀਨੀਅਰ ਲੈਕਚਰਾਰ ਰੁਪਿੰਦਰ ਸਿੰਘ ਚਹਿਲ ਵੀ ਹਾਜ਼ਰ ਸਨ।

# ਪੰਜਾਬ ਦੇ ਸਾਂਸਦਾਂ ਦਾ ਸੰਸਦ ਦੇ ਬਾਹਰ ਪ੍ਰਦਰਸ਼ਨ, ਵੜਿੰਗ ਬੋਲੇ ‘ਪੰਜਾਬ ਨਾਲ ਫਿਰ ਧੋਖਾ ਹੋਇਆ’



**ਨਵੀਂ ਦਿੱਲੀ, 23 ਜੁਲਾਈ (ਪੰਜਾਬ ਡਾਇਰੀ)**- ਕੇਂਦਰੀ ਸਰਕਾਰ ਵੱਲੋਂ ਬਜਟ ’ਚ ਪੰਜਾਬ ਲਈ ਕੋਈ ਸਪੈਸ਼ਲ ਪੈਕੇਜ ਨਾ ਐਲਾਨੇ ਜਾਣ ’ਤੇ ਕਾਂਗਰਸੀ ਸੰਸਦ ਮੈਂਬਰਾਂ ਨੇ ਸੰਸਦ ਦੇ ਬਾਹਰ ਪ੍ਰਦਰਸ਼ਨ ਕੀਤਾ। ਬਜਟ ਭਾਸ਼ਣ ਤੋਂ ਬਾਅਦ ਪੰਜਾਬ ਦੇ ਕਾਂਗਰਸੀ ਸੰਸਦ ਤੋਂ ਬਾਹਰ ਆ ਗਏ ਅਤੇ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਕਾਂਗਰਸੀ ਸੰਸਦ ਮੈਂਬਰਾਂ ਨੇ ਦੋਸ਼ ਲਗਾਇਆ ਕਿ ਸਰਹੱਦੀ ਸੂਬਾ ਹੋਣ ਦੇ ਬਾਵਜੂਦ ਮੋਦੀ ਸਰਕਾਰ ਨੇ ਇਕ ਵਾਰ ਫਿਰ ਪੰਜਾਬ ਲਈ ਕੁਝ ਵੀ ਐਲਾਨ ਨਹੀਂ ਕੀਤਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਨੂੰ ਇਸ ਬਜਟ ਵਿਚ ਕੁਝ ਨਹੀਂ ਦਿੱਤਾ ਗਿਆ, ਇਹ ਇਕ ਸਰਹੱਦੀ ਸੂਬਾ ਹੈ, ਅੱਜ ਸਾਡੇ ਨਾਲ ਧੋਖਾ ਹੋਇਆ ਹੈ। ਅਜਿਹਾ ਇਸ ਲਈ ਹੋਇਆ ਹੈ ਕਿਉਂਕਿ ਭਾਜਪਾ ਨੂੰ ਪੰਜਾਬ ਵਿਚ ਇਕ ਵੀ ਸੀਟ ਨਹੀਂ ਮਿਲੀ। ਉਨ੍ਹਾਂ ਨੇ ਕਿਹਾ ਕਿ ਬਿਹਾਰ ਅਤੇ ਆਂਧਰਾ ਲਈ ਪੂਰਾ ਬਜਟ ਹੈ। ਪੂਰਾ ਦੇਸ਼ ਦੇਖ ਰਿਹਾ ਹੈ। ਪੰਜਾਬ ਲਈ ਕੋਈ ਐਲਾਨ ਨਹੀਂ ਹੋਇਆ। ਕਈ ਵਾਰ ਸਾਨੂੰ ਲੱਗਦਾ ਹੈ ਕਿ ਤੁਸੀਂ ਸਾਨੂੰ ਭਾਰਤ ਦੇ ਨਕਸ਼ੇ ਤੋਂ ਹਟਾ ਰਹੇ ਹੋ। ਪੰਜਾਬ ਦੇ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ। ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਪੰਜਾਬ ਨਾਲ ਧੋਖਾ ਕਰਦੀ ਆ ਰਹੀ ਹੈ, ਜਿਸ ਨੂੰ ਕਿਸੇ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ। ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਕੀਤੇ ਗਏ ਪ੍ਰਦਰਸ਼ਨ ਵਿਚ ਲੁਧਿਆਣਾ ਦੇ ਸੰਸਦ ਮੈਂਬਰ ਵੜਿੰਗ ਸਮੇਤ ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ, ਡਾ. ਧਰਮਵੀਰ ਗਾਂਧੀ ਅਤੇ ਹੋਰ ਹਾਜ਼ਰ ਸਨ।

# ਕੇਂਦਰ ਸਰਕਾਰ ਨੇ ਬਜਟ ਪੇਸ਼ ਕਰਨ ਲੱਗਿਆਂ ਦੇਸ਼ ਦੀਆਂ 28 ਲੱਖ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਕੀਤਾ ਅੱਖੋਂ ਪਰੋਖੇ

**ਸ੍ਰੀ ਮੁਕਤਸਰ ਸਾਹਿਬ, 23 ਜੁਲਾਈ (ਪੰਜਾਬ ਡਾਇਰੀ)**- ਕੇਂਦਰ ਸਰਕਾਰ ਵੱਲੋਂ ਅੱਜ ਬਜਟ ਪੇਸ਼ ਕਰਨ ਲੱਗਿਆਂ ਦੇਸ਼ ਭਰ ਦੀਆਂ 28 ਲੱਖ ਆਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਤੇ ਮਤਰੇਈ ਮਾਂ ਵਾਲਾ ਸਲੂਕ ਕਰਦਿਆਂ ਬੱਜਟ ਪੇਸ਼ ਕਰਨ ਵੇਲੇ ਆਈ ਸੀ ਡੀ ਐਸ ਸਕੀਮ ਦਾ ਨਾਮ ਤੱਕ ਨਹੀਂ ਲਿਆ ਗਿਆ । ਜਿਸ ਕਰਕੇ ਦੇਸ਼ ਦੇ 14 ਲੱਖ ਦੇ ਕਰੀਬ ਆਂਗਣਵਾੜੀ ਸੈਂਟਰਾਂ ਵਿੱਚ ਕੰਮ ਕਰਨ ਵਾਲੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿੱਚ ਸਰਕਾਰ ਪ੍ਰਤੀ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ ।

ਬੱਜਟ ਤੇ ਆਪਣਾ ਪ੍ਰਤੀਕਰਮ ਪੇਸ਼ ਕਰਦਿਆਂ ਆਂਗਣਵਾੜੀ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਕਿਹਾ ਕਿ ਆਈ ਸੀ ਡੀ ਐਸ ਸਕੀਮ ਤਹਿਤ ਆਂਗਣਵਾੜੀ ਸੈਂਟਰਾਂ ਰਾਹੀਂ ਦੇਸ਼ ਦੇ 8 ਕਰੋੜ 40 ਲੱਖ ਦੇ ਕਰੀਬ ਨਿੱਕੇ ਬੱਚੇ ਅਤੇ 1 ਕਰੋੜ 26 ਲੱਖ ਦੇ ਕਰੀਬ ਔਰਤਾਂ ਲਾਭ ਲੈ ਰਹੀਆਂ ਹਨ । ਉਹਨਾਂ ਦੱਸਿਆ ਕਿ ਪਿਛਲੇ 7 ਸਾਲਾਂ ਤੋਂ ਕੇਂਦਰ ਸਰਕਾਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣ ਭੱਤੇ ਵਿੱਚ ਪੰਜ ਪੈਸਿਆਂ ਦਾ ਵੀ ਵਾਧਾ ਨਹੀਂ ਕੀਤਾ। ਹੈਰਾਨੀ ਵਾਲੀ ਗੱਲ ਹੈ ਕਿ ਕੇਂਦਰ ਸਰਕਾਰ ਵਰਕਰ ਨੂੰ 4500 ਰੁਪਏ ਅਤੇ ਹੈਲਪਰ ਨੂੰ 2250 ਰੁਪਏ ਦੇ ਰਹੀ ਹੈ । ਇਸ ਵਿੱਚੋਂ ਵੀ ਕੇਂਦਰ ਸਰਕਾਰ ਆਪਣਾ ਹਿੱਸਾ 60 ਫੀਸਦੀ ਪਾਉਂਦੀ ਹੈ ਤੇ 40 ਫੀਸਦੀ ਹਿੱਸਾ ਸਟੇਟ ਸਰਕਾਰ ਤੋਂ ਪਵਾਇਆ ਜਾਂਦਾ ਹੈ । ਉਹਨਾਂ ਕਿਹਾ ਕਿ ਆਈ ਸੀ ਡੀ ਐਸ ਸਕੀਮ 2 ਅਕਤੂਬਰ 1975 ਨੂੰ ਸ਼ੁਰੂ ਕੀਤੀ ਗਈ ਸੀ ਤੇ 47 ਸਾਲ ਬੀਤ ਜਾਣ ਦੇ ਬਾਵਜੂਦ ਵੀ ਸਮੇਂ ਦੀਆਂ ਸਰਕਾਰਾਂ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਉਹਨਾਂ ਦਾ ਹੱਕ ਨਹੀਂ ਦਿੱਤਾ । ਉਹਨਾਂ ਕਿਹਾ ਕਿ ਉਹ ਇਸ ਬੱਜਟ ਦੀ ਜ਼ੋਰਦਾਰ ਨਿੰਦਾ ਕਰਦੇ ਹਨ ।

# ਮਲੋਟ ਵਿਖੇ ‘ਧੀ ਕੇਸਰੀ ਪੰਜਾਬ ਦੀ’ ਦਾ ਵੀਰਪਾਲ ਕੌਰ ਸਿੱਧੂ ਨੇ ਕਰਵਾਇਆ ਆਡੀਸ਼ਨ

**ਬਠਿੰਡਾ, 23 ਜੁਲਾਈ (ਸੱਤਪਾਲ ਮਾਨ)**- ਕੇਸਰੀ ਪੰਜਾਬ 24 ਦੀ ਸੰਚਾਲਿਕਾ ਵੀਰਪਾਲ ਕੌਰ ਸਿੱਧੂ ਨੇ ਬੀਤੇ ਦਿਨੀਂ ਸਿੰਘ ਸਭਾ ਸੀਨੀਅਰ ਸੈਕੰਡਰੀ ਸਕੂਲ ਮਲੋਟ ਵਿਖੇ ਪੰਜਾਬੀ ਮੁਟਿਆਰਾਂ ਦੀ ਪ੍ਰਤਿਭਾ ਨੂੰ ਪ੍ਰਫੁੱਲਤ ਕਰਨ ਦੇ ਮਕਸਦ ਲਈ ਲੜਕੀਆਂ ਦੇ ਪੰਜਾਬੀ ਲੋਕਨਾਚ ‘ਧੀ ਕੇਸਰੀ ਪੰਜਾਬ ਦੀ’ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਲੜਕੀਆਂ ਨੇ ਵੱਧ ਚੜਕੇ ਸ਼ਮੂਲੀਅਤ ਕੀਤੀ ਅਤੇ ਆਪਣੀ ਕਲਾ ਦਾ ਪ੍ਰਦਸ਼ਨ ਕੀਤਾ। ਇਸ ਆਡੀਸ਼ਨ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਵਾਲੀਆਂ ਲੜਕੀਆਂ ਵਿੱਚ ਨੂਰਦੀਨ ਕੌਰ, ਨਵਜੋਤ ਕੌਰ, ਗੁਰਨੂਰਦੀਪ ਕੌਰ ਅਤੇ ਜਸਨੂਰ ਕੌਰ ਫਾਇਨਲ ਆਡੀਸ਼ਨ ਵਿੱਚ ਪੁੱਜੀਆਂ। ਇਸਦੇ ਨਾਲ ਹੀ ਆਰੀਕਤਾ, ਨਾਇਰਾ, ਇਨਾਇਤ, ਗੁਨਜਾਨ ਮਿੱਡਾ ,ਗੌਰੀ ਡਾਬਰਾ,ਕਨੂਸ਼ੀ ਆਦਿ ਲੜਕੀਆਂ ਨੇ ਆਨਲਾਇਨ ਮੀਡੀਆ ਰਾਹੀਂ ਭਾਗ ਲੈਕੇ ਫਾਇਨਲ ਵਿਚ ਪ੍ਰਵੇਸ਼ ਕੀਤਾ। ਇਸ ਆਡੀਸ਼ਨ ਸਮਾਗਮ ਵਿੱਚ ਸਿੰਘ ਸਭਾ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਦਵਿੰਦਰਪਾਲ ਸਿੰਘ , ਪ੍ਰਿੰਸੀਪਲ ਸੰਦੀਪ ਗੋਇਲ, ਵਾਇਸ ਪ੍ਰਿੰਸੀਪਲ ਆਸ਼ਾ ਸੁਧਾ ਅਤੇ ਅਧਿਆਪਿਕਾ ਪਰਮਿੰਦਰ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਆਡੀਸ਼ਨ ਸੰਚਾਲਿਕਾ ਵੀਰਪਾਲ ਕੌਰ ਸਿੱਧੂ ਨੇ ਇਸ ਮੌਕੇ ਕਿਹਾ ਕਿ ਸਾਡਾ ਇਹ ਉਪਰਾਲਾ ਲੜਕੀਆਂ ਵਿੱਚ ਛੁਪੀ ਕਲਾ ਨੂੰ ਉਜਾਗਰ ਕਰਨਾ ਹੈ। ਵੀਰਪਾਲ ਨੇ ਦੱਸਿਆ ਕਿ ਹੁਣ ਤੱਕ ਵੱਖ - ਵੱਖ ਸ਼ਹਿਰਾਂ ਵਿੱਚ ਹੋਏ ਆਡੀਸ਼ਨਾ ਵਿੱਚ ਚੁਣੀਆਂ ਗਈਆਂ ਲੜਕੀਆਂ ਦਾ ਫਾਈਨਲ ਮੁਕਾਬਲਾ ਜਲਦੀ ਕਰਵਾਇਆ ਜਾਵੇਗਾ, ਜਿਨ੍ਹਾਂ ਦੀ ਹੌਸਲਾ ਅਫਜਾਈ ਲਈ ਬੜੇ ਦਿਲ-ਖਿਚਵੇ ਇਨਾਮ ਦਿੱਤੇ ਜਾਣਗੇ।



# ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਫਿਜ਼ੀਕਲ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ




**ਫਰੀਦਕੋਟ, 23 ਜੁਲਾਈ (ਗੁਰਮੀਤ ਬਰਾੜ)**- ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟਰੇਨਿੰਗ ਅਫਸਰ ਕੈਪਟਨ (ਰਿਟਾਇਡ) ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੋ ਯੁਵਕ ਅਗਨੀਵੀਰ ਫੌਜ ਦੀ ਅਪ੍ਰੈਲ 2024 ਮਹੀਨੇ ਵਿੱਚ ਹੋਈ ਲਿਖਤੀ ਪ੍ਰੀਖਿਆ ਵਿੱਚੋ ਪਾਸ ਹੋ ਗਏ ਹਨ । ਉਨ੍ਹਾਂ ਯੁਵਕਾਂ ਦਾ ਫਿਜ਼ੀਕਲ ਟੈਸਟ 01 ਅਕਤੂਬਰ 2024 ਤੋਂ 08 ਅਕਤੂਬਰ 2024 ਤੱਕ ਹੋਣਾ ਹੈ ।

ਉਨ੍ਹਾਂ ਦੱਸਿਆ ਕਿ ਫ਼ਰੀਦਕੋਟ, ਫਿਰੋਜ਼ਪੁਰ, ਫਾਜਿਲਕਾ, ਅਤੇ ਮੁਕਤਸਰ ਜਿਲ੍ਹਿਆਂ ਦੇ ਯੁਵਕਾਂ ਲਈ ਫਿਜੀਕਲ ਟੈਸਟ ਦੀ ਟਰੇਨਿੰਗ ਮਿਤੀ 01 ਜੁਲਾਈ 2024 ਤੋ ਸ਼ੁਰੂ ਹੋ ਰਹੀ ਹੈ ।ਉਹਨਾਂ ਕਿਹਾ ਕਿ ਜੋ ਯੁਵਕ ਲਿਖਤੀ ਪੇਪਰ ਵਿੱਚੋਂ ਪਾਸ ਹੋ ਚੁੱਕੇ ਹਨ, ਉਹ ਫਿਜੀਕਲ ਦੀ ਤਿਆਰੀ ਲਈ ਸਵੇਰੇ 08.00 ਵਜੇ ਤੋਂ 11.30 ਵਜੇ ਤੱਕ ( ਸੋਮਵਾਰ ਤੋਂ ਸ਼ੁੱਕਰਵਾਰ ਤੱਕ ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਰਿਪੋਰਟ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ ।ਉਨ੍ਹਾਂ ਦੱਸਿਆ ਕਿ ਇਸ ਵਾਰ ਅਗਨੀਵੀਰ ਦੀ ਭਰਤੀ ਫਿਰੋਜ਼ਪੁਰ ਵਿਖੇ ਨਹੀਂ ਹੋ ਰਹੀ। ਇਹ ਭਰਤੀ ਇਸ ਵਾਰ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਵਿਖੇ ਹੋ ਰਹੀ ਹੈ ।ਇਸ ਦਾ ਲਾਭ ਉਠਾਉਣ ਲਈ ਸਾਰੇ ਹੀ ਯੁਵਕ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਰਿਪੋਰਟ ਕਰਨ ਦੀ ਕ੍ਰਿਪਾਲਤਾ ਕਰਨ ।

ਉਨ੍ਹਾਂ ਕਿਹਾ ਕਿ ਕੈਂਪ ਵਿੱਚ ਆਉਣ ਸਮੇਂ ਆਨ ਲਾਈਨ ਰਜਿਸਟਰੇਸ਼ਨ ਦੀ ਇੱਕ ਕਾਪੀ, ਰਿਜਲਟ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤੀ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਇੱਕ ਪਾਸਪੋਰਟ ਸਾਈਜ਼ ਫੋਟੋ, ਇੱਕ ਕਾਪੀ, ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ ।

ਉਨ੍ਹਾਂ ਦੱਸਿਆ ਕਿ ਯੁਵਕ ਦੀ ਛਾਤੀ ਬਿਨ੍ਹਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ ।ਉਨ੍ਹਾਂ ਕਿਹਾ ਕਿ ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ 88728-02046 ਅਤੇ 78891-75575 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 25 ਜੁਲਾਈ ਨੂੰ ਡਿਪਟੀ ਕਮਿਸ਼ਨਰ ਰਾਹੀਂ ਕੇਂਦਰੀ ਮੰਤਰੀ ਨੂੰ ਭੇਜਣਗੀਆਂ ਮੰਗ ਪੱਤਰ

## ਮਾਮਲਾ ਆਂਗਣਵਾੜੀ ਸੈਂਟਰਾਂ ਵਿੱਚ ਪ੍ਰਾਈਵੇਟ ਕੰਪਨੀਆਂ ਰਾਹੀਂ ਭੇਜੇ ਜਾ ਰਹੇ ਘਟੀਆ ਕੁਆਲਿਟੀ ਦੇ ਰਾਸ਼ਨ ਦਾ

**ਸ੍ਰੀ ਮੁਕਤਸਰ ਸਾਹਿਬ, 23 ਜੁਲਾਈ (ਪੰਜਾਬ ਡਾਇਰੀ)**- ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨ ਸ਼ਿੰਦਰਪਾਲ ਕੌਰ ਥਾਂਦੇਵਾਲਾ ਨੇ ਪ੍ਰੈਸ ਨੂੰ ਜਾਰੀ ਕੀਤੇ ਗਏ ਬਿਆਨ ਰਾਹੀਂ ਦੱਸਿਆ ਕਿ ਜਥੇਬੰਦੀ ਵੱਲੋਂ ਆਂਗਣਵਾੜੀ ਸੈਂਟਰਾਂ ਵਿੱਚ ਪ੍ਰਾਈਵੇਟ ਕੰਪਨੀਆਂ ਰਾਹੀਂ ਭੇਜੇ ਜਾ ਰਹੇ ਘਟੀਆ ਕੁਆਲਿਟੀ ਦੇ ਰਾਸ਼ਨ ਦੇ ਮਾਮਲੇ ਵਿੱਚ 25 ਜੁਲਾਈ ਨੂੰ ਡਿਪਟੀ ਕਮਿਸ਼ਨਰ ਰਾਹੀਂ ਕੇਂਦਰੀ ਮੰਤਰੀ ਸ੍ਰੀਮਤੀ ਅੰਨਾ ਪੂਰਨਾ ਨੂੰ ਮੰਗ ਪੱਤਰ ਭੇਜਿਆ ਜਾਵੇਗਾ ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਕੰਪਨੀ ਨਾਲ ਰਲੀ ਮਿਲੀ ਭੁਗਤ ਕਰਕੇ ਲਾਭਪਾਤਰੀਆਂ ਨੂੰ ਦਿੱਤਾ ਜਾਣ ਵਾਲਾ ਸੰਤੁਲਿਤ ਅਹਾਰ ਘਟੀਆ ਕੁਆਲਿਟੀ ਦਾ ਦਿੱਤਾ ਜਾ ਰਿਹਾ ਹੈ ।ਜਿਸ ਨੂੰ ਲਾਭਪਾਤਰੀ ਲੈਣ ਤੋਂ ਇਨਕਾਰੀ ਹਨ ।ਇਹ ਪੂਰਕ ਅਹਾਰ ਜੋ ਪਿਛਲੇਂ ਸਮੇਂ ਤੋਂ ਸਰਕਾਰੀ ਅਦਾਰਿਆਂ ਜਿਵੇਂ ਵੇਰਕਾ ਅਤੇ ਮਾਰਕਫੈਡ ਦੁਆਰਾ ਆਂਗਣਵਾੜੀ ਸੈਂਟਰਾਂ ਵਿੱਚ ਸਪਲਾਈ ਕੀਤਾ ਜਾਂਦਾ ਸੀ ।ਪਰ ਹੁਣ ਸਰਕਾਰ ਵੱਲੋਂ ਇਹ ਖਾਣਾ ਸਰਕਾਰੀ ਅਦਾਰਿਆਂ ਤੋਂ ਵਾਪਸ ਲੈ ਕੇ ਇਕ ਪ੍ਰਾਈਵੇਟ ਕੰਪਨੀ ਨੂੰ ਠੇਕਾ ਤੇ ਦੇ ਦਿੱਤਾ ਗਿਆ ਹੈ ਜੋ ਹਿਮਾਚਲ ਸਰਕਾਰ ਅਤੇ ਵੇਰਕਾ ਅਦਾਰੇ ਨੇ ਬਲੈਕ ਲਿਸਟ ਕੀਤੀ ਹੋਈ ਹੈ ।

# ਸਾਰੇ ਵਰਕਰ ਸਾਹਿਬਾਨਾਂ ਨੂੰ ਦਿੱਤਾ ਜਾਵੇਗਾ ਬਣਦਾ ਮਾਣ ਸਨਮਾਨ-ਢਿੱਲੋਂ




**ਸਾਦਿਕ, 23 ਜੁਲਾਈ (ਬਿੱਟੂ ਗਿਰਧਰ)**- ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਮੀਤ ਪ੍ਰਧਾਨ ਪੰਜਾਬ ਕਾਂਗਰਸ ਪਾਰਟੀ ਤੇ ਸਾਬਕਾ ਵਿਧਾਇਕ ਵੱਲੋਂ ਬਣਦਾ ਮਾਣ- ਸਨਮਾਨ ਦਿੱਤਾ ਗਿਆ। ਬਲਜਿੰਦਰ ਸਿੰਘ ਔਲਖ ਦੀਪ ਸਿੰਘ ਵਾਲਾ ਤੇ ਲਖਵੀਰ ਸਿੰਘ ਲੱਖਾ ਚੈਅਰਮੈਨ ਐਸ ਸੀ ਐਸ ਟੀ ਸੈਲ ਜ਼ਿਲਾ ਕਾਂਗਰਸ ਕਮੇਟੀ ਫਰੀਦਕੋਟ ਦੀ ਸਿਫਾਰਸ਼ ਤੇ ਕਾਂਗਰਸ ਦੇ ਮਿਹਨਤੀ ਵਰਕਰ ਚਾਨਣ ਸਿੰਘ ਪੁੱਤਰ ਸ ਗੁਰਦੇਵ ਸਿੰਘ ਦੀਪ ਸਿੰਘ ਵਾਲਾ ਨੂੰ ਐਸ ਸੀ ਐਸ ਟੀ ਸੈਲ ਜ਼ਿਲਾ ਫਰੀਦਕੋਟ ਦਾ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਸ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਦੇ ਸਾਥੀਆਂ ਵੱਲੋਂ ਸ ਚਾਨਣ ਸਿੰਘ ਨੂੰ ਨਿਯੁਕਤੀ ਪੱਤਰ ਸੌਂਪਿਆ ਗਿਆ। ਇਸ ਸਮੇਂ ਚਾਨਣ ਸਿੰਘ ਵੱਲੋਂ ਸ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ, ਬਲਜਿੰਦਰ ਸਿੰਘ ਔਲਖ ਦੀਪ ਸਿੰਘ ਵਾਲਾ, ਲਖਵੀਰ ਸਿੰਘ ਲੱਖਾ ਚੈਅਰਮੈਨ ਤੇ ਸਮੁੱਚੀ ਕਾਂਗਰਸੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਕਿਹਾ ਮੈਨੂੰ ਜੋ ਵੀ ਪਾਰਟੀ ਨੇ ਅਹੁਦਾ ਦਿੱਤਾ ਗਿਆ ਉਹਨੂੰ ਤਨਦੇਹੀ ਨਾਲ ਨਿਭਾਵਾਂਗਾ ਇਸ ਮੌਕੇ ਉਨ੍ਹਾਂ ਨਾਲ ਸੇਵਕ ਸਿੰਘ ਭੁੱਲਰ, ਗੁਰਚਰਨ ਸਿੰਘ ਚੰਨਾ ਹਾਜ਼ਰ ਸਨ।

# ਬੀ.ਸੀ. ਵਿਚ 87 ਥਾਵਾਂ ’ਤੇ ਲੱਗੀ ਜੰਗਲਾਂ ਦੀ ਅੱਗ




**ਵੈਨਕੂਵਰ, 23 ਜੁਲਾਈ (ਪੰਜਾਬ ਡਾਇਰੀ)**- ਬੀ.ਸੀ. ਵਿਚ ਜੰਗਲਾਂ ਦੀ ਅੱਗ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਤਾਜ਼ਾ ਰਿਪੋਰਟ ਮੁਤਾਬਕ 87 ਥਾਵਾਂ ’ਤੇ ਅੱਗ ਦੇ ਭਾਂਬੜ ਉਠ ਰਹੇ ਹਨ। ਹਾਲਾਤ ਨੂੰ ਵੇਖਦਿਆਂ ਕਈ ਕਸਬੇ ਅਤੇ ਰਿਹਾਇਸ਼ੀ ਇਲਾਕੇ ਖਾਲੀ ਕਰਨ ਦੇ ਹੁਕਮ ਦਿਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਅਸਮਾਨੀ ਬਿਜਲੀ ਕਈ ਥਾਵਾਂ ’ਤੇ ਅੱਗ ਦਾ ਕਾਰਨ ਬਣੀ ਅਤੇ ਹੁਣ ਹਾਲਾਤ ਬਦਤਰ ਹੁੰਦੇ ਜਾ ਰਹੇ ਹਨ।

ਕਨਾਲ ਫਲੈਟਸ ਇਲਾਕੇ ਦੇ 17 ਕਿਲੋਮੀਟਰ ਦੱਖਣ ਵੱਲ ਅੱਗ ਦਾ ਘੇਰੇ ਸਵਾਰ ਵਰਗ ਕਿਲੋਮੀਟਰ ਵਿਚ ਫੈਲ ਚੁੱਕਾ ਹੈ। ਰੀਜਨਲ ਡਿਸਟ੍ਰਿਕਟ ਆਫ ਈਸਟ ਕੂਟਨੀ ਵੱਲੋਂ ਸਥਾਨਕ ਪੱਧਰ ’ਤੇ ਐਮਰਜੰਸੀ ਦਾ ਐਲਾਨ ਕਰ ਦਿਤਾ ਗਿਆ ਅਤੇ ਇਲਾਕੇ ਵਿਚ ਰਹਿੰਦੇ ਲੋਕਾਂ ਨੂੰ ਘਰ ਛੱਡਣ ਦੇ ਹੁਕਮ ਦੇ ਦਿਤੇ ਹਨ। ਤਕਰੀਬਨ 65 ਜਾਇਦਾਦਾਂ ਖਾਲੀ ਕਰਨ ਦੀ ਹਦਾਇਤ ਦਿਤੀ ਗਈ ਹੈ।

## ਕਈ ਕਸਬੇ ਅਤੇ ਰਿਹਾਇਸ਼ੀ ਇਲਾਕੇ ਖਾਲੀ ਕਰਨ ਦੇ ਹੁਕਮ

ਉਧਰ ਕੈਰੀਬੂ ਰੀਜਨਲ ਡਿਸਟ੍ਰਿਕਟ ਵਿਚ ਪੰਜ ਥਾਵਾਂ ’ਤੇ ਅੱਗ ਬੇਕਾਬੂ ਹੋ ਚੁੱਕੀ ਹੈ ਜਿਨ੍ਹਾਂ ਵਿਚੋਂ ਚਾਰ ਦਾ ਕਾਰਨ ਅਸਮਾਨੀ ਬਿਜਲੀ ਰਹੀ। ਸਪੈਂਸਰ ਬ੍ਰਿਜ ਦੇ ਉਤਰ ਵੱਲ 8 ਕਿਲੋਮੀਟਰ ਦੂਰ ਸ਼ੈਟਲੈਂਡ ਕ੍ਰੀਕ ਵਿਖੇ ਵੀ ਘਰ ਬਾਰ ਖਾਲੀ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ। ਇਸੇ ਤਰ੍ਹਾਂ ਐਸ਼ਕ੍ਰੌਫਟ, ਕੈਸ਼ੇ ਕ੍ਰੀਕ ਅਤੇ ਸਿਲਵਰਟਨ ਇਲਾਕਿਆਂ ਵਿਚ ਅੱਗ ਬੁਝਾਉਣ ਦੇ ਯਤਨ ਕੀਤੇ ਜਾ ਰਹੇ ਹਨ। ਐਲਵਿਨ ਕ੍ਰੀਕ ਅਤੇ ਕਮੌਂਕੋ ਕ੍ਰੀਕ ਵਿਖੇ ਲੱਗੀ ਅੱਗ ਦਾ ਘੇਰਾ ਸਾਂਝੇ ਤੌਰ ’ਤੇ 6.5 ਵਰਗ ਕਿਲੋਮੀਨਰ ਹੋ ਚੁੱਕਾ ਹੈ ਅਤੇ ਹਾਈਵੇਅ 6 ਦੇ ਦੱਖਣ ਵਾਲੇ ਆਵਾਜਾਈ ਬੰਦ ਕਰ ਦਿਤੀ ਗਈ ਹੈ। ਗਰਮੀ ਦਾ ਜ਼ਿਕਰ ਕੀਤਾ ਜਾਵੇ ਤਾਂ ਕਰੈਨਬਰੂਕ, ਮੈਰਿਟ, ਪ੍ਰਿੰਸਟਨ ਵਰਗੇ ਇਲਾਕਿਆਂ ਵਿਚ ਰਿਕਾਰਡ ਗਰਮੀ ਪੈਣ ਮਗਰੋਂ ਤਾਪਮਾਨੀ ਵਿਚ ਕਮੀ ਆਈ ਹੈ।

# ਪੀਐਸਯੂ ਨੇ ਐਮਐਲਏ ਗੁਰਦਿੱਤ ਸੇਖੋਂ ਦੇ ਘਰ ਅੱਗੇ ਲਾਇਆ ਸੰਕੇਤਕ ਧਰਨਾ




**ਫਰੀਦਕੋਟ, 23 ਜੁਲਾਈ (ਗੁਰਮੀਤ ਬਰਾੜ)**- ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਚੱਲ ਰਹੇ ਬੀਐਸਸੀ ਖੇਤੀਬਾੜੀ ਦੇ ਕੋਰਸ ਨੂੰ ਸਰਕਾਰੀ ਕਰਾਉਣ ਲਈ ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਫ਼ਰੀਦਕੋਟ ਦੇ ਐਮ ਐਲ ਏ ਗੁਰਦਿੱਤ ਸੇਖੋਂ ਦੇ ਘਰ ਅੱਗੇ ਸੰਕੇਤਕ ਧਰਨਾ ਲਾਇਆ ਗਿਆ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਹਰਵੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਜਿਹੜੀ ਸਿੱਖਿਆ ਦਾ ਨਾਅਰਾ ਲਾ ਕੇ ਸੱਤਾ ਵਿੱਚ ਆਈ ਸੀ ਉਹ ਆਪਣੀਆਂ ਕਰਤੂਤਾਂ ਦੇ ਨਾਲ ਸਿੱਖਿਆ ਦਾ ਭੱਠਾ ਬਿਠਾਉਣ ਤੇ ਲੱਗੀ ਹੋਈ ਹੈ। ਜਦੋਂ ਤੋਂ ਆਮ ਆਦਮੀ ਪਾਰਟੀ ਨੇ ਸਰਕਾਰ ਬਣਾਈ ਹੈ ਉਦੋਂ ਤੋਂ ਹੀ ਅਧਿਆਪਕ ਤੇ ਵਿਦਿਆਰਥੀ ਆਮ ਆਦਮੀ ਪਾਰਟੀ ਦੇ ਲੀਡਰਾਂ ਦੇ ਘਰਾਂ ਅੱਗੇ ਧਰਨੇ ਲਾ ਕੇ ਮੰਗਾਂ ਮਨਾਉਣ ਲਈ ਸੰਘਰਸ਼ ਕਰਨ ਲਈ ਮਜ਼ਬੂਰ ਹਨ। ਉਹਨਾਂ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਸਿੱਖਿਆ ਦਾ ਸੰਕਟ ਲਗਾਤਾਰ ਵਧ ਰਿਹਾ ਹੈ ਪ੍ਰੰਤੂ ਕਿਸੇ ਵੀ ਸਰਕਾਰ ਦਾ ਏਹਦੇ ਹੱਲ ਤੇ ਕੋਈ ਵੀ ਧਿਆਨ ਨਹੀਂ ਹੈ। ਉਹਨਾਂ ਕਿਹਾ ਕਿ ਅੱਜ ਜਦੋਂ ਪੰਜਾਬ ਵਿੱਚ ਸਿਹਤ ਦਾ ਸੰਕਟ ਹੈ। ਖੇਤੀਬਾੜੀ ਵੱਡੇ ਸੰਕਟ ਵਿੱਚੋਂ ਲੰਘ ਰਹੀ ਹੈ ਓਸ ਸਮੇਂ ਸਰਕਾਰ ਸਿੱਖਿਆ ਵਿੱਚੋਂ ਏਨਾ ਸਮੱਸਿਆਵਾਂ ਦਾ ਹੱਲ ਲੱਭਣ ਵਾਲੇ ਕੋਰਸ ਖਤਮ ਰਹੀ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਜਸਨੀਤ ਨੇ ਕਿਹਾ ਕਿ ਬ੍ਰਿਜਿੰਦਰਾ ਵਿੱਚ ਚਲਦੇ ਖੇਤੀਬਾੜੀ ਦੇ ਕੋਰਸ ਨੂੰ ਸਰਕਾਰੀ ਕਰਾਉਣ ਅਤੇ ਖੇਤੀਬਾੜੀ ਵਿਭਾਗ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਅੰਡਰ ਕਰਾਉਣ ਲਈ ਸੰਘਰਸ਼ ਜਾਰੀ ਰਹੇਗਾ। ਉਹਨਾਂ ਕਿਹਾ ਕਿ ਬੀ ਐੱਸ ਸੀ ਐਗਰੀਕਲਚਰ ਦੇ ਕੋਰਸ ਨੂੰ ਚਲਾਉਣ ਲਈ ਲੋੜੀਂਦੀਆਂ ਸਹੂਲਤਾਂ ਪੰਜਾਬ ਸਰਕਾਰ ਮੁਹੱਈਆ ਕਰਵਾਏ।

ਤਿੰਨ ਘੰਟੇ ਚੱਲੇ ਧਰਨੇ ਤੋਂ ਬਾਅਦ ਐਮਐਲਏ ਗੁਰਦਿੱਤ ਸੇਖੋਂ ਨੇ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਉਹ ਦੋ ਦਿਨ ਤੱਕ ਮਸਲੇ ਦਾ ਹੱਲ ਕਰਵਾ ਦੇਣਗੇ।

ਯੂਨੀਅਨ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਹ ਮਸਲੇ ਦਾ ਹੱਲ 2 ਦਿਨ ਤੱਕ ਨਹੀਂ ਕਰਦੇ ਤਾਂ ਇਕੱਤੀ ਜੁਲਾਈ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਪੱਕੇ ਧਰਨੇ ਤੇ ਬੈਠਣ ਲਈ ਮਜਬੂਰ ਹੋਵੇਗੀ।

# ਬਾਬਾ ਫਰੀਦ ਯੂਨੀਵਰਸਿਟੀ ਅਤੇ ਏਮਜ਼ ਨੇ ਪੰਜਾਬ ਵਿੱਚ ਸਿਹਤ ਸੰਭਾਲ ਈਕੋਸਿਸਟਮ ਨੂੰ ਵਧਾਉਣ ਲਈ ਹੱਥ ਮਿਲਾਇਆ

**ਫਰੀਦਕੋਟ**, 23 **ਜੁਲਾਈ (ਗੁਰਮੀਤ ਬਰਾੜ)**- ਪੰਜਾਬ ਰਾਜ ਦੇ ਸਿਹਤ ਸੰਭਾਲ ਲੈਂਡਸਕੇਪ ਵਿੱਚ ਕ੍ਰਾਂਤੀ ਲਿਆਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਸਹਿਯੋਗ ਵਿੱਚ, ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀਐਫਯੂਐਚਐਸ), ਫ਼ਰੀਦਕੋਟ ਅਤੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼), ਬਠਿੰਡਾ ਨੇ ਇੱਕ ਐੱਮ.ਓ.ਯੂ.ਤੇ ਹਸਤਾਖਰ ਕੀਤੇ ਹਨ। ਇਸ ਸਮਝੌਤਾ ਪੱਤਰ ਵਿਚ ਪ੍ਰੋ.(ਡਾ.) ਰਾਜੀਵ ਸੂਦ, ਬੀਐਫਯੂਐਚਐਸ ਦੇ ਵਾਈਸ-ਚਾਂਸਲਰ ਅਤੇ ਪ੍ਰੋ: ਡੀ.ਕੇ. ਸਿੰਘ, ਕਾਰਜਕਾਰੀ ਨਿਰਦੇਸ਼ਕ, ਏਮਜ਼ ਬਠਿੰਡਾ ਨੇ ਖੋਜ ਅਤੇ ਵਿਕਾਸ 'ਤੇ ਜ਼ੋਰ ਦੇ ਕੇ ਇੱਕ ਸੰਪੂਰਨ ਅਤੇ ਸਹਿਯੋਗੀ ਹੈਲਥਕੇਅਰ ਈਕੋਸਿਸਟਮ ਬਣਾਉਣ ਤੇ ਜ਼ੋਰ ਦਿੱਤਾ 9



ਏਮਜ਼ ਬਠਿੰਡਾ ਦੇ ਯੂਰੋਲੋਜੀ ਅਤੇ ਕਿਡਨੀ ਟਰਾਂਸਪਲਾਂਟੇਸ਼ਨ ਵਿਭਾਗ ਦੇ ਮੁਖੀ ਡਾ: ਕੰਵਲਜੀਤ ਸਿੰਘ ਕੌੜਾ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਇਸ ਇਤਿਹਾਸਕ ਕਦਮ ਲਈ ਦੋਵਾਂ ਸੰਸਥਾਵਾਂ ਦੇ ਮੁਖੀਆਂ ਦੀ ਦੂਰਅੰਦੇਸ਼ੀ ਅਗਵਾਈ ਦੀ ਸ਼ਲਾਘਾ ਕੀਤੀ। ਓਹਨਾ ਦੱਸਿਆ ਕਿ ਐਮਓਯੂ ਵਿੱਚ ਇਹ ਕਿਹਾ ਗਿਆ ਹੈ ਕਿ ਪ੍ਰੋਜੈਕਟ ਅਤੇ ਕੋਰਸ, ਜੋ ਕਿ ਇਸ ਸਮੇਂ ਕਿਸੇ ਵੀ ਸੰਸਥਾ ਵਿੱਚ ਚੱਲ ਰਹੇ ਹਨ, ਉਚਿਤ ਅਥਾਰਟੀਆਂ ਦੁਆਰਾ ਪ੍ਰਮਾਣਿਤ ਅਤੇ ਪ੍ਰਵਾਨਿਤ ਹਨ, ਜੇਕਰ ਚਾਹੋ ਤਾਂ ਦੂਜੀ ਸੰਸਥਾ ਵਿੱਚ ਸ਼ੁਰੂ ਕੀਤੇ ਜਾ ਸਕਦੇ ਹਨ। ਓਹਨਾ ਨੇ ਕਿਹਾ÷ਇਹ ਵਿਵਸਥਾ ਯਕੀਨੀ ਬਣਾਉਂਦਾ ਹੈ ਕਿ ਸਫਲ ਪਹਿਲਕਦਮੀਆਂ ਨੂੰ ਦੁਹਰਾਇਆ ਜਾ ਸਕਦਾ ਹੈ ਅਤੇ ਉਹਨਾਂ ਦੇ ਪ੍ਰਭਾਵ ਨੂੰ ਵੱਧ ਤੋਂ ਵੱਧ ਸਕੇਲ ਕੀਤਾ ਜਾ ਸਕਦਾ ਹੈ।

ਪ੍ਰੋ.(ਡਾ.) ਰਾਜੀਵ ਸੂਦ ਨੇ ਨਰਸਿੰਗ ਅਤੇ ਸਹਿਯੋਗੀ ਹੈਲਥਕੇਅਰ ਐਕਸਚੇਂਜ ਸਿਖਲਾਈ ਪ੍ਰੋਗਰਾਮਾਂ ਲਈ ਐੱਮ.ਓ.ਯੂ.ਦੀ ਰਣਨੀਤਕ ਪਹਿਲਕਦਮੀ ਨੂੰ ਉਜਾਗਰ ਕੀਤਾ। ਓਹਨਾ ਕਿਹਾ, ਇਸ ਕਦਮ ਨਾਲ ਇਹ ਯਕੀਨੀ ਬਣਾ ਕੇ ਸਿਹਤ ਸੰਭਾਲ ਸੇਵਾਵਾਂ ਦੇ ਮਿਆਰਾਂ ਨੂੰ ਉੱਚਾ ਚੁੱਕਣ ਦੀ ਉਮੀਦ ਹੈ ਕਿ ਸਾਰੇ ਸਪੈਕਟਰਮ ਦੇ ਪੇਸ਼ੇਵਰ ਨਵੀਨਤਮ ਗਿਆਨ ਅਤੇ ਹੁਨਰਾਂ ਨਾਲ ਚੰਗੀ ਤਰ੍ਹਾਂ ਲੈਸ ਹਨ। ਇਹ ਸਮਝੌਤਾ ਕਿਸੇ ਵੀ ਸੰਸਥਾ 'ਤੇ ਵਰਤਮਾਨ ਵਿੱਚ ਅਣਉਪਲਬਧ ਜਾਂ ਗੈਰ-ਕਾਰਜਸ਼ੀਲ ਉਪਕਰਨਾਂ ਲਈ ਫੈਕਲਟੀ ਸੇਵਾਵਾਂ ਦੀ ਵਰਤੋਂ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਪ੍ਰੋ: ਡੀ.ਕੇ. ਸਿੰਘ, ਏਮਜ਼, ਬਠਿੰਡਾ ਦੇ ਕਾਰਜਕਾਰੀ ਨਿਰਦੇਸ਼ਕ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸਾਂਝੇਦਾਰੀ ਦਾ ਮੁੱਖ ਉਦੇਸ਼ ਸਿਹਤ ਸੰਭਾਲ ਅਤੇ ਖੋਜ ਵਿੱਚ ਸਹਿਯੋਗ ਲਈ ਇੱਕ ਮਜ਼ਬੂਤ ਢਾਂਚਾ ਤਿਆਰ ਕਰਨਾਹੈ। ਸਰੋਤਾਂ ਅਤੇ ਮੁਹਾਰਤ ਨੂੰ ਇਕੱਠਾ ਕਰਕੇ, ਏਮਜ਼ ਅਤੇ ਬੀਐਫਯੂਐਚਐਸ ਖੇਤਰ ਦੀਆਂ ਜ਼ਰੂਰੀ ਸਿਹਤ ਸੰਭਾਲ ਲੋੜਾਂ ਨੂੰ ਸੰਬੋਧਿਤ ਕਰ ਸਕਦੇ ਹਨ ਅਤੇ ਮੈਡੀਕਲ ਵਿਗਿਆਨ ਅਤੇ ਮਰੀਜ਼ਾਂ ਦੀ ਦੇਖਭਾਲ ਵਿੱਚ ਤਰੱਕੀ ਕਰ ਸਕਦੇ ਹਨ। ਓਹਨਾ ਅੱਗੇ ਕਿਹਾ, ਇਸ ਐਮਓਯੂ ਦੇ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਫੈਕਲਟੀ ਅਤੇ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮਾਂ ਦੀ ਸਥਾਪਨਾ ਹੈ, ਜੋ ਗਿਆਨ ਦੀ ਵੰਡ ਅਤੇ ਹੁਨਰ ਨੂੰ ਵਧਾਉਣ ਵਿੱਚ ਸਹਾਇਤਾ ਕਰੇਗਾ, ਜਿਸ ਨਾਲ ਦੋਵਾਂ ਸੰਸਥਾਵਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਤਜ਼ਰਬਿਆਂ ਨੂੰ ਭਰਪੂਰ ਬਣਾਇਆ ਜਾਵੇਗਾ।

ਪ੍ਰੋ: ਅਖਿਲੇਸ਼ ਪਾਠਕ, ਡੀਨ, ਏਮਜ਼ ਬਠਿੰਡਾ ਨੇ ਉਜਾਗਰ ਕੀਤਾ ਕਿ ਇਹ ਸਹਿਯੋਗ ਸਾਰੇ ਰਾਜ ਦੇ ਮੈਡੀਕਲ ਕਾਲਜਾਂ ਅਤੇ ਸਹਾਇਕ ਸਿਹਤ ਵਿਸ਼ੇਸ਼ਤਾਵਾਂ ਲਈ ਇੱਕ ਛਤਰੀ ਵਜੋਂ ਕੰਮ ਕਰਨ ਦੀ ਇੱਛਾ ਰੱਖਦਾ ਹੈ, ਜਿਸ ਵਿੱਚ ਡੀਐਮ/ਐਮਸੀਐਚ ਸਮੇਤ ਸੁਪਰ-ਸਪੈਸ਼ਲਿਟੀ ਸਿੱਖਿਆ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ।

ਏਮਜ਼ ਬਠਿੰਡਾ ਦੇ ਮੈਡੀਕਲ ਸੁਪਰਡੈਂਟ ਪ੍ਰੋ. ਰਾਜੀਵ ਗੁਪਤਾ ਨੇ ਸਹਿਯੋਗੀ ਭਾਵਨਾ ਅਤੇ ਇਸ ਵਿੱਚ ਸ਼ਾਮਲ ਸਾਰਿਆਂ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਧੰਨਵਾਦ ਕੀਤਾ।

ਕਈ ਪ੍ਰਮੁੱਖ ਹਸਤੀਆਂ ਦੇ ਸਮਰਪਿਤ ਯਤਨਾਂ ਤੋਂ ਬਿਨਾਂ ਇਸ ਸਹਿਮਤੀ ਪੱਤਰ ਦੀ ਸਫਲ ਪ੍ਰਾਪਤੀ ਸੰਭਵ ਨਹੀਂ ਸੀ। ਡਾ: ਆਰ.ਕੇ. ਗੋਰੀਆ, ਰਜਿਸਟਰਾਰ, ਬੀਐਫਯੂਐਚਐਸ, ਫਰੀਦਕੋਟ, ਡਾ. ਦੀਪਕ ਅਰੋੜਾ, ਡਾ. ਰਵਿੰਦਰ ਗਰਗ, ਡਾ. ਰੋਹਿਤ ਚੋਪੜਾ, ਡਾ. ਪਰਵਿੰਦਰ ਸੰਧੂ, ਅਤੇ ਸ਼੍ਰੀ ਫਤਿਹ ਮਾਨ ਨੇ ਇਸ ਯਤਨ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਵਿਦਿਅਕ ਮਿਸ਼ਨ ਨੂੰ ਅੱਗੇ ਵਧਾਉਣ ਲਈ, ਸੰਸਥਾਵਾਂ ਵੱਖ-ਵੱਖ ਮੈਡੀਕਲ ਖੇਤਰਾਂ ਵਿੱਚ ਵਿਸ਼ੇਸ਼ ਸਿਖਲਾਈ ਅਤੇ ਮੁਹਾਰਤ ਨੂੰ ਉਤਸ਼ਾਹਿਤ ਕਰਦੇ ਹੋਏ ਥੋੜ੍ਹੇ ਸਮੇਂ ਦੇ ਫੈਲੋਸ਼ਿਪ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਦੀ ਯੋਜਨਾ ਰੱਖਦੀਆਂ ਹਨ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ (ਬੀ.ਐਫ.ਯੂ. ਐਚ.ਐਸ.), ਫਰੀਦਕੋਟ ਅਤੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼), ਬਠਿੰਡਾ ਨੇ ਸੋਮਵਾਰ, 22 ਜੁਲਾਈ, 2024 ਨੂੰ ਏਮਜ਼ ਬਠਿੰਡਾ ਵਿਖੇ ਐਮ.ਓ.ਯੂ 'ਤੇ ਹਸਤਾਖਰ ਕੀਤੇ ਅਤੇ ਉਨ੍ਹਾਂ ਦਾ ਅਦਾਨ-ਪ੍ਰਦਾਨ ਕਰਨ ਉਪਰੰਤ ਸਾਂਝੀ ਪ੍ਰੈਸ ਕਾਨਫਰੰਸ ਵੀ ਕੀਤੀ ਗਈ।

## ਕੇਂਦਰੀ ਬਜਟ ਦਾ ਖੇਤੀਬਾੜੀ ਅਤੇ ਪੰਜਾਬ ਪ੍ਰਤੀ ਰੁੱਖ ਬਹੁਤ ਨਿਰਾਸ਼ਾਜਨਕ: ਸੰਧਵਾਂ



**ਚੰਡੀਗੜ੍ਹ**, 23 **ਜੁਲਾਈ (ਪੰਜਾਬ ਡਾਇਰੀ)** ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੰਗਲਵਾਰ ਨੂੰ ਕੇਂਦਰੀ ਬਜਟ ਨੂੰ ਸਮਾਜ ਦੇ ਸਾਰੇ ਵਰਗਾਂ ਲਈ ਵੱਡੀ ਨਿਰਾਸ਼ਾ ਕਰਾਰ ਦਿੰਦਿਆਂ ਕਿਹਾ ਕਿ ਅੱਜ ਐਲਾਨੇ ਕੇਂਦਰੀ ਬਜਟ ਵਿੱਚ ਦੇਸ਼ ਦੇ ਧੁਰੇ ਵਜੋਂ ਜਾਣੇ ਜਾਂਦੇ ਪੰਜਾਬ ਅਤੇ ਖੇਤੀਬਾੜੀ ਨੂੰ ਪੂਰੀ ਤਰ੍ਹਾਂ ਅਣਗੌਲਿਆ ਅਤੇ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ। ਦੇਸ਼ ਭਰ 'ਚ ਖੇਤੀਬਾੜੀ ਦੀ ਸਹਾਇਤਾ ਅਤੇ ਪੁਨਰ ਸੁਰਜੀਤੀ ਜਿਹੀਆਂ ਅਤਿ ਜ਼ਰੂਰੀ ਲੋੜਾਂ ਪ੍ਰਤੀ ਅਜਿਹੇ ਗ਼ੈਰ-ਜ਼ਿੰਮੇਵਾਰਾਨਾ ਤੇ ਨਿਰਾਸ਼ਾਜਨਕ ਰੁੱਖ 'ਤੇ ਸਖ਼ਤ ਪ੍ਰਤੀਕਿਰਿਆ ਦਿੰਦੇ ਹੋਏ, ਸ. ਸੰਧਵਾਂ ਨੇ ਕਿਹਾ ਕਿ ਨਿਰਮਲਾ ਸੀਤਾਰਮਨ ਦੁਆਰਾ ਪੇਸ਼ ਕੀਤਾ ਗਿਆ ਬਜਟ ਮਹਿਜ਼ ਰਸਮੀ ਕਾਰਵਾਈ ਹੈ ਅਤੇ ਇਹ ਦਸਤਾਵੇਜ਼ ਕਿਸੇ ਵੀ ਪੱਖ ਤੋਂ ਸਾਕਾਰਾਤਮਕ ਉਪਾਵਾਂ ਦਾ ਧਾਰਕ ਨਹੀਂ ਦਿਸਦਾ।

ਸੀਨੀਅਰ ਆਗੂ ਨੇ ਸਵਾਲ ਚੁੱਕਦਿਆਂ ਕਿਹਾ ਕਿ ਦੂਜੇ ਰਾਜਾਂ ਨੂੰ ਵਿੱਤੀ ਪੈਕੇਜ ਦੇਣ ਵਾਲੀ ਕੇਂਦਰ ਸਰਕਾਰ ਨੇ ਪੰਜਾਬ ਦੀਆਂ ਲੋੜਾਂ ਅਤੇ ਆਸਾਂ ਨੂੰ ਇਸ ਤਰ੍ਹਾਂ ਦਰਕਿਨਾਰ ਕਿਉਂ ਕਰ ਦਿੱਤਾ ਹੈ ? ਸ. ਸੰਧਵਾਂ ਨੇ ਕਿਹਾ ਕਿ ਪੰਜਾਬੀਆਂ ਨੇ ਦੇਸ਼ ਲਈ ਆਪਣਾ ਖ਼ੂਨ ਡੋਲ੍ਹਿਆ ਹੈ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਪੂਰੇ ਦੇਸ਼ ਲਈ ਪ੍ਰੇਰਨਾ ਸਰੋਤ ਹਨ। ਇਹ ਪੰਜਾਬ ਹੀ ਸੀ ਜਿਨਾਂ ਨੇ ਉਸ ਔਖੀ ਘੜੀ ਵਿੱਚ ਹਰੀ ਕ੍ਰਾਂਤੀ ਰਾਹੀਂ ਦੇਸ਼ ਦਾ ਢਿੱਡ ਭਰਿਆ ਸੀ।

ਬਜਟ ਨੂੰ ਪੂਰਨ ਰੂਪ ਨਿਰਾਸ਼ਾਜਨਕ ਗਰਦਾਨਦੇ ਹੋਏ ਸ. ਸੰਧਵਾਂ ਨੇ ਕਿਹਾ ਕਿ ਖ਼ਜ਼ਾਨਾ ਮੰਤਰੀ ਨੇ ਪਿਛਲੇ 10 ਸਾਲਾਂ ਵਿੱਚ ਕੀਮਤਾਂ ਵਿੱਚ ਹੋਏ ਵਾਧੇ ਦੇ ਬੋਝ ਨੂੰ ਘਟਾਉਣ ਲਈ ਕੋਈ ਪ੍ਰਭਾਵੀ ਤੇ ਅਸਰਅੰਦਾਜ਼ ਉਪਾਅ ਨਹੀਂ ਕੀਤੇ। ਮੱਧ ਵਰਗ ਤਾਂ ਨਿਰਾਸ਼ ਹੋਇਆ ਹੀ ਹੈ, ਪਰ ਤਨਖ਼ਾਹਦਾਰ ਵਰਗ ਨੂੰ ਵੀ ਟੈਕਸਾਂ 'ਚ ਕੋਈ ਛੋਟ ਨਹੀਂ ਦਿੱਤੀ ਗਈ ਹੈ।

## ਸਰਕਾਰੀ ਮਿਡਲ ਸਕੂਲ ਪੱਕਾ 'ਚ ਸਿੱਖਿਆ ਸਪਤਾਹ ਦੀ ਸ਼ੁਰੂਆਤ ਕੀਤੀ



**ਫ਼ਰੀਦਕੋਟ**, 23 **ਜੁਲਾਈ (ਗੁਰਬਾਜ ਸਿੰਘ)**- ਸਰਕਾਰੀ ਮਿਡਲ ਸਕੂਲ ਪੱਕਾ ਵਿਖੇ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਬ੍ਰਿਜ ਮੋਹਨ ਸਿੰਘ ਬੇਦੀ, ਉਪ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਪ੍ਰਦੀਪ ਦਿਓੜਾ ਦੀ ਯੋਗ ਅਗਵਾਈ ਅਤੇ ਸਕੂਲ ਦੇ ਮੁਖੀ ਜਸਬੀਰ ਸਿੰਘ ਜੱਸੀ ਦੀ ਦੇਖ-ਰੇਖ ਹੇਠ ਅੱਜ ਸਿੱਖਿਆ ਸਪਤਾਹ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਕੂਲ ਅਧਿਆਪਕ ਵਿਕਾਸ ਅਰੋੜਾ, ਕਵਿਤਾ ਚਾਵਲਾ, ਪ੍ਰਵੀਨ ਲਤਾ, ਸੁਦੇਸ਼ ਸ਼ਰਮਾ ਅਤੇ ਜਸਵਿੰਦਰ ਕੌਰ ਨੇ ਟੀ.ਐਲ.ਐਮ. ਦੀ ਪ੍ਰਦਰਸ਼ਨੀ ਲਗਾਈ। ਉਨ੍ਹਾਂ ਦੱਸਿਆ ਕਿ ਬੱਚੇ ਨੂੰ ਔਖੇ ਵਿਸ਼ਿਆਂ ਨੂੰ ਸੌਖੇ ਢੰਗ ਨਾਲ ਪੜ੍ਹਾਉਣ ਲਈ ਟੀ.ਐਲ.ਐਮ. ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਕੂਲ ਵਿਦਿਆਰਥੀ ਦਿਲਚਸਪ ਅਤੇ ਰੌਚਕ ਢੰਗ ਨਾਲ ਸਿੱਖ ਕੇ ਸਾਰੀ ਉਮਰ ਪ੍ਰਾਪਤ ਕੀਤੇ ਗਿਆਨ ਨੂੰ ਨਹੀਂ ਭੁੱਲਦੇ। ਇਸ ਮੌਕੇ ਸਕੂਲ ਮੁਖੀ ਨੇ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਿੱਖਣ-ਸਿਖਾਉਣ ਦੀ ਇਸ ਪ੍ਰਕਿਰਿਆ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ।

## ਵੀਸੀ ਨੇ ਗੁਰੂ ਪੂਜਾ ਦੇ ਪਵਿੱਤਰ ਤਿਉਹਾਰ ਮੌਕੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਪਹੁੰਚ ਕੇ ਲਿਆ ਅਸ਼ੀਰਵਾਦ



**ਫਰੀਦਕੋਟ**, 23 **ਜੁਲਾਈ (ਗੁਰਬਾਜ ਸਿੰਘ)**- ਨੂਰਮਹਿਲ ਆਸ਼ਰਮ ਵਿਖੇ ਦੇਵ ਦੁਰਲਭ ਸ੍ਰੀ ਗੁਰੂ ਪੂਜਾ ਦਾ ਵਿਸ਼ਾਲ ਸਮਾਗਮ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰਾਂ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਫਰੀਦਕੋਟ ਤੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਐਂਡ ਸਾਇੰਸ ਦੇ ਵਾਈਸ ਚਾਂਸਲਰ ਡਾ: ਰਾਜੀਵ ਸੂਦ, ਓਮੇਂਦਰ ਦੱਤ ਖੇਤੀ ਵਿਰਾਸਤ ਮਿਸ਼ਨ ਅਤੇ ਦੁਰਗੇਸ਼ ਸ਼ਰਮਾ ਸਕੱਤਰ ਭਾਜਪਾ ਪੰਜਾਬ ਨੇ ਪ੍ਰੋਗਰਾਮ ਵਿੱਚ ਪਹੁੰਚ ਕੇ ਅਸ਼ੀਰਵਾਦ ਲਿਆ।

ਪ੍ਰੋਗਰਾਮ ਦੀ ਸ਼ੁਰੂਆਤ ਵੈਦਿਕ ਮੰਤਰਾਂ ਦੇ ਉਚਾਰਨ ਨਾਲ ਹੋਈ। ਮੰਤਰਾਂ ਦੁਆਰਾ ਪੈਦਾ ਹੋਈ ਧਵਨੀ ਮਨੁੱਖ ਦੀਆਂ ਭਾਵਨਾਵਾਂ ਅਤੇ ਸੋਚਣ ਦੇ ਢੰਗ ਨੂੰ ਪੂਰੀ ਤਰ੍ਹਾਂ ਬਦਲਣ ਅਤੇ ਉਸਨੂੰ ਉੱਚ ਅਧਿਆਤਮਿਕ ਪੱਧਰ 'ਤੇ ਲੈ ਜਾਣ ਦੀ ਸਮਰੱਥਾ ਰੱਖਦੀ ਹੈ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਕਰਦੇ ਹੋਏ ਸਵਾਮੀ ਪਰਮਾਨੰਦ ਅਤੇ ਸਾਧਵੀ ਗਰਿਮਾ ਭਾਰਤੀ ਨੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸਮੂਹ ਸੰਗਤਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸਾਧਵੀ ਰੂਪੇਸ਼ਵਰੀ ਭਾਰਤੀ ਨੇ ਆਪਣੇ ਪ੍ਰਵਚਨਾਂ ਰਾਹੀਂ ਇਸ ਪਵਿੱਤਰ ਤਿਉਹਾਰ ਵਿੱਚ ਛੁਪੇ ਹੋਏ ਡੂੰਘੇ ਰਾਜ਼ ਨੂੰ ਉਜਾਗਰ ਕੀਤਾ ਅਤੇ ਦੱਸਿਆ ਕਿ ਗੁਰੂ ਸਾਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਪ੍ਰਕਾਸ਼ ਰੂਪੀ ਗਿਆਨ ਵੱਲ ਲੈ ਜਾਂਦੇ ਹਨ। ਗੁਰੂ ਪੂਰਨ ਹੈ, ਗੁਰੂ ਉਹ ਹੈ ਜਿਸ ਦੀ ਚੇਤਨਾ ਦਾ ਚੰਦਰਮਾ ਆਪਣੀ ਪੂਰਨਤਾ ਵਿੱਚ ਖਿੜਿਆ ਹੈ ਭਾਵ ਪੂਰਨਮਾਸ਼ੀ ਤੱਕ ਪਹੁੰਚ ਗਿਆ ਹੈ। ਗੁਰੂ ਸ਼ਿਸ਼ ਦੇ ਜੀਵਨ ਦੇ ਸਾਰੇ ਪਾਪ ਅਤੇ ਸੰਤਾਪ ਦੂਰ ਕਰ ਦਿੰਦਾ ਹੈ ਅਤੇ ਗਿਆਨ ਦੁਆਰਾ ਉਸ ਦੇ ਜੀਵਨ ਨੂੰ ਬਾਹਰੋਂ ਚਮਕਦਾਰ ਅਤੇ ਅੰਦਰੋਂ ਚੰਦਰਮਾ ਵਾਂਗ ਠੰਡਾ ਕਰ ਦਿੰਦਾ ਹੈ। ਇੱਕ ਸ਼ਿਸ਼ ਲਈ, ਗੁਰੂ ਪੂਜਾ (ਗੁਰੂ ਪੂਰਨਿਮਾ) ਗੁਰੂ ਪ੍ਰਤੀ ਨਿਸ਼ਠਾ ਪ੍ਰਗਟ ਕਰਨ ਅਤੇ ਆਤਮ-ਨਿਰੀਖਣ, ਆਤਮ-ਮੰਥਨ ਦਾ ਤਿਉਹਾਰ ਹੈ। ਅੰਤ ਵਿੱਚ ਗੁਰੂ ਭਈਆਂ ਵੱਲੋਂ ਗਾਏ ਪੰਜਾਬੀ ਭਜਨ ਦਿਵ ਜੋਤੀ ਪਰਿਵਾਰ ਚ ਲੱਗੀਆਂ ਮੌਜਾਂ ਹੀ ਮੌਜਾਂ 'ਤੇ ਪੂਰਾ ਪੰਡਾਲ ਝੂਮ ਉੱਠਿਆ।